੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਤਿਜੁਗ

ਦਾ

ਸ਼ਹੀਦੀ-ਅੰਕ

੩ ਭਾਦਰੋਂ ੨੦੧੭ ੧੮ ਅਗਸਤ ੧੯੬੦

ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫

Namdhari Elibrary NamdhariElibrary@gmail.com

੧ ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Regd No. D/339/57.
Regd No. P/9.

ਸਤਿਜੁਗ

ਦਾ

ਸ਼ਹੀਦੀ–ਅੰਕ

——o——

'ਰਾਇਕੋਟ' ਦੀ ਧਰਤੀਏ ਦਸ ਨੀ ! ਅੜੀਏ,
ਮਾਂ ਦੇ ਲਾਡਲੇ ਏਥੇ ਤੂੰ ਰਣਬੀਰ ਆਏ ਸਨ ।
ਚੜ੍ਹੀ ਹੋਈ ਨਾਮ ਦੀ ਰੰਗਣ ਸਿਰੀਂ ਦਸਤਾਰ ਸਿਧੇ ਸਨ,
ਗਲੇ ਵਿਚ ਉਨ ਦੀ ਮਾਲਾ ਸੰਤ ਫ਼ਕੀਰ ਆਏ ਸਨ ।
ਸ਼ਾਹ ਅਸਵਾਰ ਚੀਨੀ ਦੀ ਜਿਨ੍ਹਾਂ ਨੂੰ ਓਟ ਹਾਸਿਲ ਸੀ
ਵਸਾਕੇ ਦਿਲਾਂ ਦੇ ਅੰਦਰ ਉਹ ਤਸਵੀਰ ਆਏ ਸਨ ।
ਗਊ ਤੇ ਗਰੀਬ ਦੇ ਰਾਖੇ ਸਿਰਾਂ ਬੰਨ੍ਹ ਕੇ ਕੱਫਣ
ਉਹ ਲਾੜੇ ਹਥ ਲੈਕੇ ਆਪਣੇ ਸ਼ਮਸ਼ੀਰ ਆਏ ਸਨ ।
ਕਿਸੇ ਭੈਣਾਂ ਨੇ ਬਧੇ ਸਨ ਉਹਨਾਂ ਦੇ ਹਥ ਵੇ ਗਾਨੇ
ਜੋ ਘਲੇ ਨਾਲ ਚਾਵਾਂ ਦੇ ਕਿਸੇ ਦੇ ਵੀਰ ਆਏ ਸਨ ।
ਕਿਸੇ ਦੇ ਹਥ ਦੀ ਮਹਿੰਦੀ ਗਵਾਹੀ ਦੇ ਰਹੀ ਏ,
ਚੁਰਾਕੇ ਚੈਰ, ਦਿਲ ਦੀ ਲੁਟਕੇ ਜਾਗੀਰ ਆਏ ਸਨ ।
ਆਸ਼ਾਵਾਂ, ਸਧਰਾਂ ਸਾਰੇ ਅਧੂਰੇ ਰਹਿ ਗਏ ਨਗਮੇ,
ਦੀਵਾਨੇ ਛਡਕੇ ਉਹ ਵਿਲਕਦੀ ਤਕਦੀਰ ਆਏ ਸਨ ।
ਭਾਰਤ ਮਾਂ ਦੇ ਸੋਹਣੇ ਸਿਪਾਹੀ ਧਰਮ ਦੀ ਖਾਤਰ,
ਜ਼ੁਲਮੋਂ ਸਿਤਮ ਦੀ ਉਹ ਕਟਣੇ ਜ਼ੰਜੀਰ ਆਏ ਸਨ ।
ਚੜ੍ਹਕੇ ਦਾਰ ਦੇ ਉਤੇ ਚੜ੍ਹਾਈ ਪੀਂਘ ਅਰਸ਼ਾਂ ਤੇ,
ਪਿਆਰੇ ਵਤਨ ਦੀ ਖਾਤਰ ਜੋ ਬਣ ਆਸ਼ੀਰ ਆਏ ਸਨ ।
ਉਹਨਾਂ ਸੋਹਣੇ ਸ਼ਹੀਦਾਂ ਨੂੰ ਮੈਂ ਪ੍ਰਨਾਮ ਕਰਦਾ ਹਾਂ.
ਦੁਖੀ, ਅਬਲਾ, ਮਾਸੂਮਾਂ ਦੀ ਜੋ ਬਣਕੇ ਧੀਰ ਆਏ ਸਨ ।

[ਸ੍ਰੀ ਪ੍ਰਕਮ ਸਿੰਘ ਜੀ ਰਾਏ ਕਲਕਤਾ

Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰੁਵਾਂ ਬਪ ਕਹਾਊਂ ।

ਸਤਿਜੁਗ

ਸ੍ਰੀ ਜੀਵਨ ਨਗਰ

ਜਿ: ੩੫] ੩ ਭਾਦੋਂ ੧੯ ਅਗਸਤ ੧੯੯੦ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੫ [ਨੰ: ੨੫

ਪਹਿਲੇ ਪਰਵਾਨੇ

੧

ਉਣਾਨਵੇਂ ਸਾਲ ਬੀਤ ਗਏ ਹਨ। ਸਾਵਣ ਦੀ ਸੰਗਰਾਂਦ ਦੀ ਗੱਲ ਏ। ਅਸਮਾਨ ਕਟਕਾਂ ਦੇ ਬਦਲਾਂ ਨਾਲ ਘਿਰਿਆ ਹੋਇਆ ਸੀ। ਇਕ ਦੋ ਦਿਨ ਪਹਿਲਾਂ ਬੜੇ ਜ਼ੋਰ ਦਾ ਮੀਂਹ ਬਰਸ ਹਟਿਆ ਸੀ। ਨਦੀਆਂ ਨਾਲੇ ਫ਼ਰਾਟੀਂ ਵਗ ਰਹੇ ਸਨ। ਛਪੜ ਟੋਭੇ ਪਾਣੀਓਂ ਪਾਣੀ ਹੋਏ ਪਏ ਸਨ। ਧਰਤੀ ਵਿਚੋਂ ਸਿਲ੍ਹੀ ਹਵਾੜ੍ਹ ਉਠ ਉਠ ਫਿਜ਼ਾ ਵਿਚ ਘੁਲ ਰਹੀ ਸੀ। ਅੱਜ ਵੀ ਠੰਢੀ ਹਵਾ ਦੇ ਫ਼ਰਾਟਿਆਂ ਨਾਲ ਸਾਰਾ ਦਿਨ ਬਰਖਾ ਹੁੰਦੀ ਰਹੀ।

ਰਾਤ ਡਾਢੀ ਖੌਫਨਾਕ ਸੀ। ਬਰਸਾਤ ਤਾਂ ਰੁਕ ਗਈ, ਪਰ ਠੰਢੀ ਸਿੱਲੀ ਹਵਾ ਦੇ ਬੁੱਲੇ ਬੁਰੀ ਤਰ੍ਹਾਂ ਵਾਰ ਕਰ ਰਹੇ ਸਨ। ਹੱਥ ਪਸਾਰਿਆ ਨਜ਼ਰ ਨਹੀਂ ਸੀ ਔਂਦਾ। ਅਸੀਂ ਜ਼ਿਲਾ ਲੁਦਿਹਾਣਾ ਦੇ ਕਸਬਾ ਰਾਇਕੋਟ ਦਾ ਜ਼ਿਕਰ ਕਰ ਰਹੇ ਹਾਂ। ਲੋਕ ਬਰਸਾਤ ਵਿਚ ਲੋੜੀਂਦੀਆਂ ਚੀਜ਼ਾਂ ਨੂੰ ਕਠਿਆਂ ਕਰਕੇ ਘਰੋ ਘਰੀ ਇੰਜ ਘਬਰਾਏ ਹੋਏ ਸੁੱਤ-ਉਨੀਂਦੇ ਦੀ ਦਸ਼ਾ ਵਿੱਚ ਸਨ ਜਿਵੇਂ ਬਾਹਰ ਦੇਉ ਦਾਨੋਂ ਫਿਰ ਰਹੇ ਹੋਣ।

ਏਸ ਭਿਆਨਕ ਰਾਤੇ, ੧੨ ਕੁ ਵਜੇ ਇਕ ਨੁਕਰੋਂ ਉਠੀ ਡਾਢੀ ਡਰਾਉਣੀ ਹਾਹਾਕਾਰ ਨਾਲ ਸਾਰਾ ਕਸਬਾ ਗੂੰਜ ਉਠਿਆ। "ਹਾਲ ਓਇ ਪਾਹਰਿਆ ! ਲੁੱਟੇ ਗਏ, ਮਾਰੇ ਗਏ" ਦੀਆਂ ਦਿਲ ਹਿਲਾਊ ਚੀਕਾਂ ਨਾਲ ਕਸਬੇ ਉਤੇ ਇਕ ਸਹਿਮ ਛਾ ਗਿਆ। ਘਟਨਾਂ ਦਾ ਕਿੱਸਾ ਖੰਭਾਂ ਦੀਆਂ ਡਾਰਾਂ ਬਣਕੇ ਘਰ ਘਰ ਪਹੁੰਚ ਗਿਆ।

ਠਾਣਾ ਮੌਕਿਆ ਤੋਂ ਪੰਜ ਸੌ ਗਜ਼ ਦੀ ਦੂਰੀ ਤੇ ਸੀ। ਪੁਲਿਸ ਵਾਲਿਆਂ ਦੇ ਪਹੁੰਚਣ ਤਕ ਵਾਰਦਾਤ ਕਰਨ ਵਾਲੇ ਹਵਾ ਹੋ ਗਏ। ਬੱਤੀਆਂ ਜਗਾਕੇ ਪਤਾ ਕੀਤਾ ਗਿਆ। ਬੁਚੜਖਾਨੇ ਵਿਚੋਂ ਗਊਆਂ ਬਾਹਰ ਨਸਾ ਦਿਤੀਆਂ ਗਈਆਂ ਸਨ। ਏਸ ਥਾਂ ਪਏ ਦੋ ਜਣੇ ਜਾਨੋਂ ਮਾਰੇ ਗਏ ਅਤੇ ਸੱਤ ਬੁਰੀ ਤਰ੍ਹਾਂ ਜ਼ਖਮੀ ਕੀਤੇ ਗਏ ਸਨ।

੨.

ਅਗਲਾ ਸੂਰਜ ਬੜੀ ਬੇਸਬਰੀ ਨਾਲ ਉਡੀਕਿਆ ਜਾਣ ਲਗਾ, ਤਾਰਾਂ ਖੜਕ ਪਈਆਂ। ਦਿਨ ਸਾਫ ਸੀ। ਖੋਜੀ ਖੁਰੇ ਦੀ ਭਾਲ ਵਿਚ ਨਿਕਲੇ। ਡਿਪਟੀ ਕਮਿਸ਼ਨਰ ਤੇ ਜ਼ਿਲੇ ਦੇ ਪੁਲਿਸ ਅਧਿਕਾਰੀ ਜੋ ਸਾਰੇ ਹੀ ਅੰਗਰੇਜ਼ ਸਨ, ਪੜਤਾਲ ਲਈ ਚਲ ਪਏ। ਗਵੇੜ ਲਗਣ ਲਗੇ। ਉਹਨਾਂ ਲੋਕਾਂ ਖੁਸ਼ੀ ਮਨਾਈ ਜਿਨ੍ਹਾਂ ਨੂੰ ਗਊ ਧਰਮ ਦਾ ਚਿੰਨ੍ਹ ਜਾਪਦੀ ਸੀ। ਅਤੇ ਜਿਹੜੇ ਬੁਚੜਾਂ ਨੂੰ ਸਖਤ ਨਫਰਤ ਕਰਦੇ ਸਨ। ਪਰ ਦਿਨ ਚੜ੍ਹੇ ਪਤਾ ਲਗਾ ਕਿ ਫੂਟਾ ਤੇ ਰਾਂਝਾ ਘੁਮੰਡੀ ਬੁਚੜ ਕਿਸੇ ਨ ਕਿਸੇ ਤਰ੍ਹਾਂ ਬਚ ਹੀ ਨਿਕਲੇ। ਸਰਕਾਰੀ ਪਿਠੂਆਂ ਨੂੰ ਗ਼ਮ ਖਾਈ ਜਾ ਰਿਹਾ ਸੀ ਕਿ ਜੇ ਅੰਗਰੇਜ਼ ਸ਼ਹਿਨਸ਼ਾਹੀਅਤ ਦੇ ਸਿਰ

Namdhari Elibrary NamdhariElibrary@gmail.com

ਤੇ ਹੁੰਦਿਆਂ ਵੀ ਅਜੇਹੀਆਂ ਵਾਰਦਾਤਾਂ ਹੋ ਸਕਦੀਆਂ ਹਨ, ਤਾਂ ਖੈਰ ਨਹੀਂ । ਉਹਨਾਂ ਨੂੰ ਆਪਣੇ ਦਿਨ ਮੁਕਦੇ ਨੇੜੇ ਆ ਰਹੇ ਜਾਪਦੇ ਸਨ ।

ਵਿਚੋਂ ਗਵੇੜੀਆਂ ਨੇ, ਏਸ ਘਟਨਾਂ ਨੂੰ ਅੰਮ੍ਰਿਸਰ ਵਿੱਚ ਇਕ ਮਹੀਨਾਂ ਪਹਿਲਾਂ ਹੋਏ, ਬੁਚੜ ਬਧ ਨਾਲ ਵੀ ਜੋੜਿਆ ।

ਅੰਗਰੇਜ਼ ਸਾਮਰਾਜ ਦੇ ਥੰਮ ਥਿੜਕ ਗਏ । ਪੂਰੇ ਮਹੀਨੇ ਪਿਛੋਂ ਦੂਜੀ ਸਿਆਸੀ ਕਿਸਮ ਦੀ ਘਟਨਾਂ! ਅੰਗਰੇਜ਼ ਦੇ ਹੁਕਮ ਨੂੰ ਚੈਲੰਜ! ਬੁਚੜਖਾਨੇ ਅੰਗਰੇਜ਼ਾਂ ਦੇ ਹੁਕਮ ਅਧੀਨ ਹੀ ਚਲ ਰਹੇ ਸਨ । ਏਸ ਦਾ ਅਧਿਕਾਰ ਲੋਕਾਂ ਨੂੰ ਮਿਲਣਾ ਚਾਹੀਦਾ ਸੀ ਕਿ ਉਹ ਜੇਹੜਾ ਚਾਹੁਣ ਤੇ ਜੇਹੋ ਜੇਹਾ ਚਾਹੁਣ ਮਾਸ ਖਾਣ! ਪਰ ਕੌਣ ਅਜੇਹਾ ਤਾਕਤਵਰ ਉਠ ਖਲੋਤਾ ਜਿਸਦੇ ਇਸ਼ਾਰੇ ਤੇ ਅੰਮ੍ਰਿਤਸਰ ਵਿਚ ਚਾਰ ਬੁਚੜ ਮਾਰੇ ਗਏ ਤਿੰਨ ਜ਼ਖਮੀ ਹੋਏ ਤੇ ਹੁਣ ਰਾਇਕੋਟ ਦੋ ਮਾਰੇ ਗਏ ਸੱਤ ਜ਼ਖਮੀ ਹੋਏ ।

ਡਿਪਟੀ ਕਮਿਸ਼ਨਰ ਵਲੋਂ ਦੋਸ਼ੀਆਂ ਦਾ ਪਤਾ ਦਸਣ ਵਾਲੇ ਨੂੰ ਇਕ ਹਜ਼ਾਰ ਰੁਪਇਆ ਨਕਦ ਇਨਾਮ ਤੇ ਵਾਅਦਾ ਮੁਆਫ਼ ਗਵਾਹ ਬਣਨ ਵਾਲੇ ਨੂੰ ਸਜ਼ਾ ਤੋਂ ਬਚਾਣ ਦਾ ਐਲਾਨ ਕੀਤਾ ਗਿਆ ।

ਢੂੰਢ ਭਾਲ ਵਧੇਰੇ ਸਰਗਰਮੀ ਤੇ ਚੌਕਸੀ ਨਾਲ ਹੋਣ ਲਗੀ । ਅੰਗਰੇਜ਼ ਸਮਝਦਾ ਸੀ, ਏਹ ਬੁਚੜ ਨਹੀਂ ਮਾਰੇ ਗਏ, ਉਸਦੇ ਹੁਕਮਾਂ ਦੀ, ਉਸਦੇ ਕਾਨੂੰਨਾਂ ਦੀ ਉਲੰਘਣਾਂ ਕਰਨ ਦਾ ਅਪਰਾਧ ਕੀਤਾ ਗਿਆ ਸੀ । ਹਿੰਦੀਆਂ ਨਾਲ ਪ੍ਰੇਮ ਨੂੰ ਤਾਂ ਉਹ ਸੰਨ ੫੭ ਦੇ ਗਦਰ ਵਿਚ ਸਪਸ਼ਟ ਕਰ ਚੁਕਾ ਸੀ । ਏਸ ਬਹਾਨੇ ਨਾਲ ਉਹ ਬਰਤਾਨਵੀ ਤਾਜ ਤੋਂ ਨਿਡਰ ਹੋਣ ਵਾਲਿਆਂ ਨੂੰ ਸਜ਼ਾ ਦੇਣਾ ਚਾਂਹਦਾ ਸੀ ।

ਅੰਤ ਖੋਜੀਆਂ ਨੇ ੯ ਖੁਰੇ ਰਿਆਸਤ ਨਾਭਾ ਦੇ ਪਿੰਡ ਜਲਾਲਦੀ ਵਾਲ ਤਕ ਲੈਜਾਕੇ ਏਥੋਂ ਛੇਆਂ ਦੇ ਖੁਰੇ ਛੀਨੀਵਾਲ ਰਿਆਸਤ ਪਟਿਆਲਾ ਦੇ ਪਿੰਡ ਜਾ ਪਾਏ ।

ਹੁਣ, ਪੰਜਾਬ ਦੀ ਗੋਰਾ-ਸਰਕਾਰ ਨੇ ਰਿਆਸਤਾਂ ਦੇ ਰਾਜਿਆਂ ਦੇ ਕੰਨ ਖਿਚੇ । ਰਾਜਿਆਂ ਨੂੰ ਹਥਾਂ ਪੈਰਾਂ ਦੀ ਪੈ ਗਈ । ਪਟਿਆਲੇ ਦੇ ਰਾਜੇ ਨੇ ਵੀ ਢਾਈ ਸੌ ਰੁਪੈਆ ਦੋਸ਼ੀ ਫੜਾਣ ਵਾਲੇ ਨੂੰ ਦੇਣ ਲਈ ਢੰਡੋਰੇ ਪਿਟਵਾਏ ।

ਇਨਾਮਾਂ ਦੇ ਲਾਲਚ ਨੇ ਕਈਆਂ ਦੇ ਮੂੰਹ ਪਾਣੀ ਲੈ ਆਂਦਾ । ਕਈ ਬੇਗੁਨਾਹ ਆਦਮੀ ਗ੍ਰਿਫਤਾਰ ਕਰਵਾਏ ਗਏ । ਅਦਾਲਤੀ ਜਾਂਚ ਤੋਂ ਪਤਾ ਲਗਿਆ ਕਿ ਲਹਿਣੇਦਾਰਾਂ ਨੂੰ ਕਰਜ਼ਖੋਰਾਂ ਨੇ ਦੂਹਰੇ ਲਾਭ ਲੈਣ ਲਈ ਗ੍ਰਿਫਤਾਰ ਕਰਵਾਇਆ ਸੀ । ਪੁਲਿਸ ਦੇ ਡੰਡੇ ਨਾਲ ਮੁਜਰਮ ਬਣੇ ਵੀ ਕਈ ਆਦਮੀ ਝੂਠ ਸਚ ਬਕਦੇ ਰਹੇ । ਕਈਆਂ ਗੁਆਂਢੀ ਨਾਮਧਾਰੀਆਂ ਉਤੇ ਵੀ ਦੋਸ਼ ਲਾਏ ।

ਵਾਕਿਆ ਤੋਂ ਛੇ ਦਿਨ ਪਿਛੋਂ ਸੱਤ ਆਦਮੀਆਂ ਨੂੰ ਰਿਆਸਤਾਂ ਵਿਚੋਂ ਪੈੜਾਂ ਦੇ ਅਧਾਰ ਤੇ ਗ੍ਰਿਫਤਾਰ ਕਰ ਲਿਆ ਗਿਆ । ਏਹ ਨਾਮਧਾਰੀ ਸਨ ।

੩.

ਇਹਨਾਂ ਚੋਂ ਛੀਨੀਵਾਲ ਦਾ ਦਲ ਸਿੰਘ ਵਾਅਦਾ ਮੁਆਫ਼ ਗੁਵਾਹ ਬਣ ਗਿਆ । ਧਰੋਹੀ ਹਰ ਜਮਾਤ ਵਿਚ ਪੈਦਾ ਹੋ ਜਾਂਦੇ ਹਨ ਜਿਵੇਂ ਕਣਕ ਵਿਚੋਂ ਕਾਂਗਿਆਰੀ । ਆਜ਼ਾਦੀ ਦੀਆਂ ਸਭਨਾਂ ਤਹਿਰੀਕਾਂ ਨੂੰ ਦੇਸ਼ ਧ੍ਰੋਹੀਆਂ ਆਪਣੀ ਚਮੜੀ ਬਚਾਣ ਖਾਤਰ ਤਬਾਹ ਕਰਨ ਦੀ ਕੋਸ਼ਸ਼ ਕੀਤੀ ।

ਬੱਸੀਆਂ (ਰਾਇਕੋਟ ਦੇ ਨਜ਼ਦੀਕ) ਵਿਚ ਮਜਿਸਟਰੇਟ ਦੇ ਸਾਹਮਣੇ ਮਸਤਾਨ ਸਿੰਘ ਜੀ ਪਿਥੋ, ਮੰਗਲ ਸਿੰਘ ਜੀ ਪਿਥੋ, ਗੁਰਮੁਖ ਸਿੰਘ ਜੀ ਪਿਥੋ, ਗੁਲਾਬ ਸਿੰਘ ਚੂਹੜ ਚਕ. ਗਿਆਨੀ ਸਿੰਘ ਜੀ ਮੰਡੀ (ਰਤਨ ਸਿੰਘ ਵੀ ਇਹਨਾਂ ਦਾ ਨਾਮ ਹੈ) ਰਤਨ ਸਿੰਘ ਜੀ ਨਾਈਵਾਲਾ, ਅਤਰ ਸਿੰਘ (ਉਮਰ ੧੦ ਸਾਲ) ਤੇ ਕਾਹਨਾ ਪੇਸ਼ ਕੀਤੇ ਗਏ । ਅਤਰ ਸਿੰਘ ਨੂੰ ਕਮ-ਉਮਰ ਜਾਣਕੇ ਓਸੇ ਵਕਤ ਛਡ ਦਿਤਾ ਗਿਆ । ਤਫਤੀਸ਼ ਕਰਨ ਤੋਂ ਚਹੁੰਆਂ ਦੇ ਖਿਲਾਫ ਪੱਕੇ ਸਬੂਤ ਪੈਦਾ ਕੀਤੇ ਗਏ । ਮੁਕਦਮੇ ਦੇ ਸਬੰਧ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬੱਸੀਆਂ ਬੁਲਾਇਆ ਗਿਆ । ਸਤਿਗੁਰੂ ਜੀ ਦਾ ਇਸ ਮਾਮਲੇ ਵਿੱਚ ਆਪਣਾ ਹੱਥ ਸਾਬਤ ਨ ਹੋ

Namdhari Elibrary NamdhariElibrary@gmail.com

ਸਕਿਆ। ਪਰ ਕਾਹਨਾ, ਦਲ ਸਿੰਘ ਤੇ ਗੁਲਾਬ ਸਿੰਘ ਨੇ ਸਤਿਗੁਰੂ ਜੀ ਨੂੰ ਕੇਸ ਵਿਚ ਹਿਸੇਦਾਰ ਬਣਾਨ ਲਈ ਕੋਈ ਕਸਰ ਨ ਛਡੀ। ਮਜਿਸ-ਟਰੇਟ ਨੇ ਮੰਗਲ ਸਿੰਘ, ਗੁਰਮੁਖ ਸਿੰਘ, ਮਸਤਾਨ ਸਿੰਘ ਅਤੇ ਗੁਲਾਬ ਸਿੰਘ ਭੂਹੜ ਚੱਕ ਨੂੰ ਕਾਤਲ ਠਹਿਰਾ ਦਿਤਾ।

ਸੈਸ਼ਨ ਜੱਜ ਮਿ: ਮੈਕਨਾਬ ਵੀ ਬਸੀਆਂ ਦੀ ਕੋਠੀ ਹੀ ਆਇਆ। ਏਥੇ ਹੀ ਸਾਰੇ ਕੇਸ ਦੀ ਪੁਛ ਪੜਤਾਲ ਕਰਕੇ ਉਪ੍ਰੋਕਤ ਚਹੁੰਆਂ ਨੂੰ ਫਾਹੇ ਲਾਣ ਦੀਆਂ ਸਜ਼ਾਵਾਂ ਦਿਤੀਆਂ। ਚੀਫ ਕੋਰਟ ਨੇ ਵੀ ਏਹੋ ਸਜ਼ਾ ਬਹਾਲ ਰਖੀ। ਨੌ ਦਿਨਾਂ ਵਿਚ ਕੇਸ ਦਾ ਫੈਸਲਾ ਅੰਤਮ ਤੌਰ ਤੇ ਹੋ ਗਿਆ। ਫਾਹੇ ਲਾਣ ਵਾਲਿਆਂ ਅਤੇ ਗਿਆਨੀ ਸਿੰਘ ਤੇ ਰਤਨ ਸਿੰਘ ਨਾਈਵਾਲੇ ਨੂੰ ਲੁਦਿਹਾਣੇ ਜੇਲ੍ਹ ਵਿਚ ਭੇਜ ਦਿਤਾ ਗਿਆ।

੪.

੫ ਅਗਸਤ ੧੮੭੧। ਸੂਰਜ ਦੀਆਂ ਪਹਿ-ਲੀਆਂ ਕਿਰਨਾਂ ਨੇ ਅਜੇ ਧਰਤੀ ਨੂੰ ਨਿਘਿਆਂ ਨਹੀਂ ਸੀ ਕੀਤਾ। ਰਾਇਕੋਟ ਦੇ ਬੁਚੜਖਾਨੇ ਦੇ ਪਾਸ ਹੀ ਫਾਂਸੀ ਗੱਡ ਦਿਤੀ ਗਈ। ਦੂਰ ਨੇੜੇ ਏਸ ਕੇਸ ਦੀਆਂ ਧੁੰਮਾਂ ਪੈ ਜਾਣ ਕਰਕੇ ਲੋਕੀਂ ਕੁਝ ਤਰਸ ਦੇ ਕਾਰਨ, ਕੁਝ ਤਮਾਸ਼ਬੀਨ, ਕੁਝ ਗਊ ਗਰੀਬ ਦੇ ਪਿਆਰੇ ਤੇ ਕੁਝ ਸਰਕਾਰ ਦੋਖੀਆਂ ਨਾਲ ਬੀਤਦੀ ਵੇਖਣ ਲਈ ਹਜ਼ਾਰਾਂ ਦੀ ਤਾਦਾਦ ਵਿਚ ਜੁੜ ਗਏ। ਮਿ: ਐਲ. ਕਾਵਨ ਡਿਪਟੀ ਕਮਿਸ਼-ਨਰ ਅਤੇ ਜ਼ਿਲੇ ਦੇ ਕਾਲੇ ਗੋਰੇ ਅਫਸਰ ਬੜੀ ਚੌਕਸੀ ਨਾਲ ਏਧਰ ਓਧਰ ਫਿਰ ਰਹੇ ਸਨ, ਪੁਲਿਸ ਥਾਂ ਪਰ ਥਾਂ ਦਹਿਸ਼ਤ ਦਾ ਪਰਭਾਵ ਪੈਦਾ ਕਰ ਰਹੀ ਸੀ। ਹਜ਼ਾਰਾਂ ਆਦਮੀਆਂ ਦੇ ਹੁੰਦਿਆਂ ਮੈਦਾਨ ਵਿਚ ਉਦਾਸੀ ਤੇ ਸੋਗ ਦਾ ਪਰਛਾਵਾਂ ਪੈ ਰਿਹਾ ਸੀ।

ਹਥ ਕੜੀਆਂ ਬੇੜੀਆਂ ਨਾਲ ਦੋਸ਼ੀ ਫਾਹੇ ਦੇ ਪਾਸ ਲਿਆਂਦੇ ਗਏ। ਹੁਣ ਤਕ ਦੋਸ਼ੀਆਂ ਦੇ ਹੱਕ ਵਿੱਚ ਫਿਜ਼ਾ ਪੈਦਾ ਹੋ ਗਈ ਸੀ। ਲੋਕਾਂ ਨੂੰ ਸਮਝ ਆ ਗਈ ਸੀ ਕਿ ਏਹ ਸਿੰਘ ਅਸਲ ਵਿੱਚ ਅੰਗ-ਰੇਜ਼ ਰਾਜ ਦੀਆਂ ਵਧੀਕੀਆਂ ਨੂੰ ਠੱਲ੍ਹ ਪਾਣ ਲਈ ਬੁਚੜਾਂ ਦੇ ਕਾਤਲ ਬਣੇ। ਕਿਸੇ ਕਿਸੇ ਨੂੰ ਅੰਗਰੇਜ਼ ਦੀ ਸਫ ਵਲ੍ਹੇਟੀ ਦੀ ਨਜ਼ਰ ਪੈਣ ਲਗੀ ਤੇ ਕੋਈ ਕੋਈ ਅਗੋਂ ਤੋਂ ਸਭ ਦਾ ਮੂੰਹ ਬੰਦ ਹੋਣ ਦਾ ਖਿਆਲ ਸੋਚ ਰਿਹਾ ਸੀ।

ਦੋਸ਼ੀਆਂ ਵੱਲ ਝਾਕਿਆਂ ਰੂਹ ਬਾਗ਼ ਬਾਗ਼ ਹੋ ਜਾਂਦੀ। ਉਹਨਾਂ ਦੇ ਫਾਂਸੀਪਾਸ ਅਪੜਦਿਆਂ ਮਹੌਲ ਵਿਚ ਸਰਗਰਮੀ ਤੇ ਜੋਸ਼ ਆ ਗਿਆ। ਉਹਨਾਂ ਦੇ ਚੇਹਰੇ ਨੂਰ ਬਰਸਾਂਦੇ ਜੋਸ਼ ਚਮਕਾਂਦੇ ਤੇ ਅਣਖ ਨੂੰ ਵੰਗਾਰਾਂ ਪਾਂਦੇ ਸਨ। ਪਰ ਇਹ ਕੀ ਗੱਲ, ਚੌਥਾ ਦੋਸ਼ੀ ਗੁਲਾਬ ਸਿੰਘ ਨਜ਼ਰ ਨਹੀਂ ਪੈ ਰਿਹਾ!

ਉਸਨੂੰ ਫਾਹੇ ਨਹੀਂ ਲਾਇਆ ਜਾਇਗਾ! ਉਹ ਵੀ ਵਾਅਦਾ ਮੁਆਫ ਗੁਆਹ ਬਣ ਗਿਆ! ਉਹ ਅੰਮ੍ਰਿਤਸਰ ਦੇ ਸਾਕੇ ਦਾ ਭੇਤ ਦੱਸੇਗਾ! ਉਹ ਦੱਸੇਗਾ ਕਿ ਕੂਕਿਆਂ ਨੇ ਕੀ ਕੀ ਗੋਂਦਾ ਧਰਮ ਦਾ ਰਾਜ ਬਹਾਲ ਕਰਨ ਤੇ ਅੰਗਰੇਜ਼ ਰਾਜ ਦਾ ਖਾਤਮਾ ਕਰਨ ਲਈ ਗੁੰਦੀਆਂ!

ਸਿੰਘ ਨਿਰਭੈਤਾ ਦੀ ਮੂਰਤ ਬਣੇ ਖੜੇ ਸਨ। ਉਹਨਾਂ ਦਾ ਕਾਰਾ ਕਰਕੇ ਨਿਕਲ ਜਾਣਾ, ਹੋਰ ਥਾਈਂ ਬੁਚੜਾਂ ਦਾ ਸਫਾਇਆ ਕਰਨ ਵਾਸਤੇ ਹੀ ਸੀ। ਗ੍ਰਿਫਤਾਰੀ ਵੇਲੇ ਵੀ ਉਹ ਪਿੰਡਾਂ ਅਤੇ ਘਰਾਂ ਤੋਂ ਬਾਹਰ ਹੋਕੇ ਜੰਗਲ ਵਿਚ ਜਾ ਬੈਠੇ ਸਨ, ਤਾਕਿ ਕਿਸੇ ਉਤੇ ਵਾਧੂ ਕਰੜਾਈ ਨਾ ਹੋਵੇ। ਗ੍ਰਿਫਤਾਰੀ ਸਮੇਂ ਦੀ ਗਲ ਕਰਦਿਆਂ "ਸਤਿਗੁਰ ਬਿਲਾਸ" ਵਿੱਚ ਲਿਖਿਆ ਹੈ:

"ਦੱਲੂ ਪਿਥੋ ਵਾਲਿਆਂ ਨੂੰ ਜਾਕੇ ਫੜਾਣ ਲਗਾ। ਤੇਜਾ ਸਿੰਘ ਢਿਲਵਾਂ ਵਾਲੇ ਨੇ ਖ਼ਬਰ ਦਿਤੀ ਕਿ ਤੁਹਾਨੂੰ ਫੜਨ ਲਈ ਜੋਧਪੁਰ ਰਿਸਾਲਾ ਆਣ ਉਤਰਿਆ ਹੈ। ਤੁਸੀਂ ਆਪਣਾ ਪ੍ਰਬੰਧ ਕਰੋ। ਸਾਰੇ ਸਿੰਘ ਬਣ ਵਿਚ ਜਾ ਬੈਠੇ। ਦੂਲਾ ਸਿੰਘ ਨੇ ਕਿਹਾ ਤੁਸੀਂ ਨੱਸ ਜਾਓ,ਤੁਹਾਡੀ ਜ਼ਿਮੇਵਾਰੀ ਹੈ। ਤੁਸੀਂ ਨਹੀਂ ਬਚੋਗੇ। ਮਸਤਾਨ ਸਿੰਘ ਨੇ ਕਿਹਾ ਕਿ ਜੇ ਭੱਜ ਗਏ ਤਾਂ ਸਿਪਾਹੀ ਦੂਜਿਆਂ ਨੂੰ ਦੁਖ

ਦੇਣਗੇ। ਅਸਾਂ ਕੀਤਾ ਹੈ, ਅਸੀਂ ਹੀ ਸਹਾਂਗੇ। ਹੋਰਨਾਂ ਨੂੰ ਦੁਖ ਦੇਣਾ ਠੀਕ ਨਹੀਂ। ਕੰਮ ਕਰਕੇ ਭਜਣਾ ਨਹੀਂ ਚਾਹੀਦਾ। ਸਾਹਮਣੇ ਹੋਕੇ ਸਿਰ ਦਿਆਂਗੇ।''

ਇਹੋ ਸਪਿਰਟ ਨਾਮਧਾਰੀਆਂ ਦੇ ਵਤੀਰੇ ਤੋਂ ਝਲਕਦੀ ਸੀ। ਬੜੀ ਦਲੇਰੀ ਨਾਲ ਉਹ ਫਾਹੇ ਦੀ ਰਸੀਵਲਵਧਦੇਰਹੇ। ਸਤਿਸ੍ਰੀਅਕਾਲ ਗਜਾਂਦੇਰਹੇ। ਤੇ ਮੂੰਹੋਂ ਉਚੀ ਉਚੀ ਪੁਕਾਰਦੇ ਰਹੇ''ਅਸੀਂ ਬੁਚੜ-ਖਾਨੇ ਨਹੀਂ ਰਹਿਣ ਦਿਆਂਗੇ। ਸਾਨੂੰ ਗਊਆਂ ਦਾ ਦੁਖ ਸਤਾਂਦਾ ਹੈ। ਬਿਲਿਓ, ਤੁਹਾਡਾ ਧਰਮ ਦੋਖੀਆਂ ਦਾ ਰਾਜ ਨਹੀਂ ਰਹਿਣ ਦੇਣਾ। ਬਾਰ ਬਾਰ ਜਨਮ ਲੈਕੇ ਤੁਹਾਡਾ ਸਾਹਮਣਾ ਕਰਾਂਗੇ। ਮੁੜ ਆਪਣਾ ਰਾਜ ਕੈਮ ਕਰਾਂਗੇ।'' ਏਹ ਦਲੇਰੀ ਭਰੀਆਂ ਕੂਕਾਂ ਲੋਕਾਂ ਦੇ ਕੰਨਾਂ ਵਿਚਦੀ ਲੰਘ ਹਿਰਦਿਆਂ ਵਿੱਚ ਇਕ ਉਤਸ਼ਾਹ ਉਤਾਰਦੀਆਂ।

ਇਕ ਇਕ ਸਿੰਘ ਫਾਹੇ ਦਾ ਰੱਸਾ ਆਪਣੇ ਗਲ ਆਪ ਪਾਂਦਾ ਰਿਹਾ। ਤਖਤਾ ਪੈਰਾਂ ਹੇਠੋਂ ਖਿਸਕਾ ਲਿਆ ਜਾਂਦਾ। ਸਿੰਘ ਦਾ ਸਰੀਰ ਨੀਲਾ ਕਾਲਾ ਹੋ ਵੇਲ ਤੇ ਲਗੀ ਤੋਰੀ ਵਾਂਗ ਲਟਕ ਜਾਂਦਾ ਤੇ ਏਸ ਤਰ੍ਹਾਂ ਰਾਇਕੋਟ ਵਿਚ ਬੁਚੜਾਂ ਨੂੰ ਖ਼ਤਮ ਕਰਨ ਤੇ ਗਊਆਂ ਨੂੰ ਆਜ਼ਾਦ ਕਰਨ ਵਾਲਿਆਂ ਦਾ ਅੰਤ ਹੋ ਗਿਆ।

੫.

ਇਹ ਘਟਨਾ ਕੋਈ ਸਧਾਰਨ ਨਹੀਂ ਸੀ। ਇਹਨਾਂ ਤਿੰਨ ਸਰੀਰਾਂ ਦਾ ਫਾਹੇ ਲਾਏ ਜਾਣਾ ਤੇ ਦੋਹਾਂ ਨੂੰ ਹੋਰ ਫਾਹੇ ਦੇ ਸ਼ਿਕਾਰ ਬਣਾਨਾ ਕੇਵਲ ਇਨਸਾਫ ਦੀ ਖਾਤਰ ਨਹੀਂ ਸੀ। ਗਊਆਂ ਪਿਛੇ ਸ਼ਹੀਦ ਹੋ ਜਾਣ ਵਾਲੇ ਅੰਗਰੇਜ਼ ਦੇ ਕਾਨੂੰਨ ਨੂੰ ਵੰਗਾਰ ਕੇ ਗਏ ਸਨ। ਉਹ ਉਸ ਦੇ ਰਾਜ ਨੂੰ ਚੈਲਿੰਜ ਕਰਕੇ ਗਏ ਸਨ ਕਿ ਬਦੇਸੀ ਰਾਜ ਹੋਰ ਸਹਿਨ ਨਹੀਂ ਕੀਤਾ ਜਾਵੇਗਾ। ਏਹੋ ਸ਼ਬਦ ਲੁਦਿਹਾਣਾ ਵਿੱਚ ਫਾਹੇ ਲਗਣ ਵਾਲਿਆਂ ਆਖੇ। ਏਸੇ ਭਾਵ ਨੂੰ ਅੰਮ੍ਰਿਤਸਰ ਵਿੱਚ ਸ਼ਹੀਦ ਹੋਣ ਵਾਲਿਆਂ ਸਪਸ਼ਟ ਕੀਤਾ ਤੇ ਮਲੇਰ ਕੋਟਲੇ ਵਿੱਚ ਸ਼ਹਾਦਤਾਂ ਲੈਣ ਵਾਲਿਆਂ ਨੇ ਏਸੇ ਅਵਾਜ ਨੂੰ ਹੋਰ ਵੀ ਉਚੇਰਿਆਂ ਕੀਤਾ।

ਅੰਗਰੇਜ਼ ਸਮਝਦਾ ਸੀ ਸੰਨ ਸਤਵੰਜਾ ਦਾ ਗਦਰ ਕੁਚਲਿਆਂ ਹਿੰਦੀਆਂ ਨੂੰ ਕੰਨ ਹੋ ਜਾਣਗੇ। ਅਗੋਂ ਤੋਂ ਕੋਈ ਆਜ਼ਾਦੀ, ਸੁਤੰਤਰਤਾ, ਆਪਣਾ ਰਾਜ ਆਦਿ ਸ਼ਬਦ ਕਹਿਣ ਦੀ ਜੁੱਰਤ ਨਹੀਂ ਕਰੇਗਾ, ਪਰ ਏਹ ਕਾਰਾ ਚੋਦਾ ਸਾਲ ਪਿਛੋਂ ਹੀ ਹੋ ਗਿਆ। ਅਜੇ ਅੰਮ੍ਰਿਤਸਰ ਦੇ ਬੁਚੜਾਂ ਦਾ ਸਫਾਇਆ ਕਰਨ ਵਾਲੇ ਫੜੇ ਨਹੀਂ ਸੀ ਗਏ ਕਿ ਰਾਇਕੋਟ ਦਾ ਵਾਕਿਆ ਹੋ ਗਿਆ।

ਰਾਇਕੋਟ ਦੇ ਸ਼ਹੀਦ ਕਾਰਾ ਕਰਨ ਵਿੱਚ ਦੂਜੇ ਨੰਬਰ ਤੇ ਆਏ, ਪਰ ਸ਼ਹਾਦਤ ਪਹਿਲਾਂ ਲੇ ਗਏ। ਇਹਨਾਂ ਦੀਆਂ ਸ਼ਹਾਦਤਾਂ ਨਾਲ ਇਕ ਲੰਮੇ ਸਿਲਸਿਲੇ ਦੀਆਂ ਸ਼ਹਾਦਤਾਂ ਦਾ ਮੁਢ ਬੱਝਾ। ਸਾਵਣ ਦੀ ਸੰਗਰਾਂਦ ਬਰਤਾਨਵੀ ਘੁਪ ਹਨੇਰ ਵਿਚ ਬਿਜਲੀ ਦੀ ਕੜਕ ਸੀ।

ਨਾਮਧਾਰੀ ਕਹਿੰਦੇ ਸਨ: ਅਸੀਂ ਗੋਰੇ ਦਾ ਰਾਜ ਖਤਮ ਕਰਨ ਲਈ ਬਾਰ ਬਾਰ ਜਨਮ ਲਵਾਂਗੇ। ਮੰਗਲ ਸਿੰਘ ਪਿਥੋ ਨੇ ਏਹੋ ਗੱਲ ਕਹੀ। ਅੰਮ੍ਰਿਤਸਰ ਵਿੱਚ ਭਾਈ ਬੀਹਲਾ ਸਿੰਘ ਜੀ ਨਾਰਲੀ ਨੇ ਵੀ ਏਹੋ ਨਾਅਰਾ ਲਾਇਆ। ਮਲੇਰ ਕੋਟਲੇ ਵਿਚ ਭਾਈ ਲਹਿਣਾ ਸਿੰਘ ਜੀ ਤੇ ਭਾਈ ਹੀਰਾ ਸਿੰਘ ਜੀ ਨੇ ਵੀ ਏਹੋ ਐਲਾਨ ਕੀਤਾ। ਹਰ ਨਾਮਧਾਰੀ ਦੀ ਜ਼ਬਾਨ ਤੇ ਦੇਸ਼-ਅਜ਼ਾਦੀ ਦੇ ਨਾਅਰੇ ਸਨ।

੬.

ਅੰਤ ਕਰੜੀਆਂ ਘਾਲਾਂ ਬਾਦ ਅਸੀਂ ਸੁਤੰਤਰਤਾ ਦਾ ਦਰਸ਼ਨ ਕਰ ਸਕੇ। ਅੱਜ ਸਾਡਾ ਅਪਣਾ ਰਾਜ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਅਜ਼ਾਦੀ ਦੀਆਂ ਨੀਹਾਂ ਹੇਠ ਸੀਸ ਵਾਰਦਿਆਂ ਸੀ ਨ ਕੀਤੀ, ਉਹਨਾਂ ਦੀਆਂ ਯਾਦਾਂ ਮਨਾਣਾ, ਉਹਨਾਂ ਦੇ ਜੀਵਨਾਂ ਤੋਂ ਪ੍ਰੇਰਨਾ ਲੈਣਾ ਸਾਡਾ ਸਭ ਦਾ ਕਰਤੱਵ ਹੈ। ਕੌਮੀ ਸਰਕਾਰ ਥਾਂ ਪਰ ਥਾਂ ਸ਼ਹੀਦਾਂ ਦੀਆਂ ਯਾਦਗਾਰਾਂ

Namdhari Elibrary NamdhariElibrary@gmail.com

ਉਸਾਰਨ ਵੱਲ ਵਧ ਰਹੀ ਹੈ। ਪਰ ਕੀ ਨਾਮਧਾਰੀ ਸ਼ਹੀਦ ਵੀ ਏਸ ਦੀ ਗਿਣਤੀ ਵਿੱਚ ਔਣਗੇ? ਜਿਨਾਂ ਦੇਸ਼ ਵਿਚ ਸਭ ਤੋਂ ਪਹਿਲਾਂ, ਅੰਗਰੇਜ਼ ਦੇ ਖਿਲਾਫ ਨਾਮਿਲਵਰਤਨ ਤੇ ਬਗਾਵਤ ਕੀਤੀ-ਅਤੇ ਥੋਕ ਪੈਮਾਨੇ ਤੇ ਸਿਰ ਦਿਤੇ। ਏਹ ਕੇਵਲ ਨਾਮ-ਧਾਰੀਆਂ ਦੀ ਵਿਰਾਸਤ ਹੀ ਨਹੀਂ, ਏਹ ਸ਼ਹੀਦ ਸਮੂਚੀ ਹਿੰਦੀ ਕੌਮ ਦੇ ਹਨ। ਜ਼ਰੂਰਤ ਹੈ ਕਿ ਅੰਮ੍ਰਿਤ ਸਰ ਫਰੀਦਕੋਟ ਤੇ ਮਲੇਰ ਕੋਟਲਾ ਆਦਿ ਥਾਂਵਾਂ ਤੇ ਨਾਮਧਾਰੀ ਸ਼ਹੀਦਾਂ, ਅਜ਼ਾਦੀ ਦੀ ਅਵਾਜ਼ ਬਲੰਦ ਕਰਨ ਵਾਲੇ ਜੋਧਿਆਂ ਦੀਆਂ ਯਾਦਗਾਰਾਂ ਉਸਾ-ਰੀਆਂ ਜਾਣ।

ਮਲੇਰ ਕੋਟਲੇ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਸ਼ਹੀਦਾਂ ਦੇ ਮੇਲੇ ਅਰੰਭ ਕਰ ਦਿਤੇ ਸਨ। ੧੭-੧੮ ਜਨਵਰੀ ਦੇ ਦਿਨ ਸ਼ਹੀਦਾਂ ਦੀ ਯਾਦ ਵਿਚ ਮਨਾਏ ਜਾਂਦੇ ਹਨ।

ਰਾਇਕੋਟ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਸਚ ਖੰਡ ਵਾਸੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ਼ਹੀਦੀ ਦੀਵਾਨਾਂ ਦਾ ਅਰੰਭ ਕੀਤਾ ਹੈ। ਏਹ ਦੂਸਰਾ ਮੇਲਾ ਸੀ ਜੋ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨਾਮਧਾਰੀ ਸਾਹਿਤ ਸਭਾ ਨੂੰ ਮਾਣ ਬਖਸ਼ਦਿਆਂ ਚਾਰ ਕਵੀਆਂ ਨੂੰ ਮੇਲੇ ਤੇ ਪਹੁੰਚਣ ਦੀ ਉਚੇਚੀ ਆਗਿਆ ਕੀਤੀ। ਚਾਰ ਹੋਰ ਕਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਗਏ। ਸਾਹਿਤ ਸਭਾ ਦੇ ਸਮੂਚੇ ਕਵੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਅਸੀਂ ਹੇਠਾਂ ਉਹ ਕਵਿਤਾਵਾਂ ਪਾਠਕਾਂ ਦੇ ਸੁਆਦ ਹਿਤ ਪਰਕਾਸ਼ਤ ਕਰ ਰਹੇ ਹਾਂ। ਅਤੇ ਆਸ ਕਰਦੇ ਹਾਂ ਕਿ ਭਾਰਤ ਤੇ ਪੰਜਾਬ ਸਰਕਾਰ ਦੀਆਂ ਅੱਖਾਂ ਖੁਲ੍ਹਣ ਤਕ ਨਾਮਧਾਰੀ ਅਤੇ ਇਲਾਕਾ ਨਿਵਾਸੀ ਲੋਕ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਡੇ ਤੋਂ ਵਡੇਰੇ ਉਤਸ਼ਾਹ ਨਾਲ ਮਨਾਇਆ ਕਰਨਗੇ।

ਪ. ਸ. ਕ.

ਉਹ ਨਹੀਂ ਡਰਦੇ ਕਦੀ ਕਿ ਜੋ ਹਨ ਪਰਮੇਸ਼ਰ ਤੋਂ ਡਰਦੇ।
ਉਹ ਨਹੀਂ ਹਰਦੇ ਕਦੀ ਕਿ ਜੋ ਹਨ ਗੁਰਮੁਖ ਬਣਕੇ ਹਰਦੇ।
ਉਹ ਨਹੀ ਬਰਦੇ ਕਦੀ ਕਿ ਜੋ ਹਨ ਸਤਿਗੁਰ ਜੀ ਦੇ ਬਰਦੇ।
ਉਹ ਨਹੀਂ ਮਰਦੇ ਕਦੀ ਕਿ ਜੋ ਹਨ ਦੇਸ਼ ਧਰਮ ਲਈ ਮਰਦੇ।

ਰਾਇਕੋਟ ਵਿਚ ਫਾਹੇ ਲੱਗ ਕੇ ਜਿਨਾਂ ਸ਼ਹੀਦੀ ਪਾਈ।
ਘੋਰ ਗੁਲਾਮੀ ਗੋਰੇ ਦੀ ਵਿਚ ਬਿਜਲੀ ਸੀ ਕੜਕਾਈ।
ਪਹਿਲੀ ਵਾਰ ਸਤਾਵਨ ਪਿਛੋਂ ਗੂੰਜ ਬਗਾਵਤ ਕੂੰਦੀ:
ਧੰਨ ਧੰਨ ਉਹ ਸੇਵਕ ਸੂਰੇ ਧੰਨ ਧੰਨ ਧੰਨ ਕਮਾਈ।

ਨਾਮਧਾਰੀ ਸਾਹਿਤ ਸਭਾ, ਸੰਤ ਨਗਰ ਵਲੋਂ

ਰਾਇਕੋਟ ਦੇ ਸ਼ਹੀਦਾਂ ਦੀ ਯਾਦ ਵਿੱਚ ਸਮਰਪਣ,

ਕਵੀ ਦਰਬਾਰ

ਸੱਮਸਿਆ : **ਮੁੱਲ ਪੈਂਦਾ ਹੈ ਸਦਾ ਕੁਰਬਾਨੀਆਂ ਦਾ**

[ਮਾ: ਅਮ੍ਰੀਕ ਸਿੰਘ ਜੀ ਅਮਰਾਸਰ

ਸੁਣੋ ਵਾਰਤਾ ਠਲ੍ਹ ਕਲੇਜਿਆਂ ਨੂੰ ਰਾਏਕੋਟ ਦੇ ਅਮਰ ਪਰਵਾਨਿਆਂ ਦੀ।
ਮਥਾ ਜ਼ੁਲਮ ਪਹਾੜ ਨੂੰ ਜਾ ਲਾਇਆ ਕੀਤੀ ਨਹੀਂ ਪਰਵਾਹ ਜਰਵਾਨਿਆਂ ਦੀ।
ਉਹਨਾਂ ਕੌਮ ਦੇ ਮਥੇ ਕਲੰਕ ਜਾਤਾ ਹਿੰਦ ਦੇਸ਼ ਅੰਦਰ ਬੁਚੜ ਖਾਨਿਆਂ ਦੀ।
ਸਾਰਾ ਦੇਸ਼ ਏਸ ਜ਼ੁਲਮ ਨੂੰ ਸਹਿ ਗਿਆ ਸੀ ਐਪਰ ਮੰਨੀ ਨ ਰੂਹ ਮਸਤਾਨਿਆਂ ਦੀ।
ਅਣਖ ਮਿਟੀ 'ਚ ਮਿਲੇ ਪੰਜਾਬੀਆਂ ਦੀ ਮੁੱਦਾ ਅਸਲ ਸੀ ਇੰਗਲਸਤਾਨੀਆਂ ਦਾ।
ਤੇ ਏਧਰ ਸਰ ਫਰੋਸ਼ਾਂ ਨੇ ਸੋਚਿਆ ਇਹ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਧਰਮਸਾਲ ਵਿਚ ਆਇਆਂ ਨੂੰ ਭਾਈ ਜੀ ਨੇ ਦਸੀ ਦਰਦ ਭਰੀ ਦਾਸਤਾਨ ਸਾਰੀ।
ਗਊਆਂ ਅਖਾਂ ਦੇ ਸੋਹੇਂ ਮਰੀਂਦੀਆਂ ਨੇ ਕਿਉਂ ਨ ਦੇਸ਼ ਦੇ ਹੋਣ ਜਵਾਨ ਆਰੀ।
ਸੁਟਣ ਵਿਹੜੇ 'ਚ ਰੋਜ਼ ਹੀ ਮਾਸ ਇਲਾਂ ਸਾਡੀ ਖਾਕ ਮਿਲਾਈ ਏ ਸ਼ਾਨ ਭਾਰੀ।
ਛੁਰੀ ਗਊ ਦੇ ਗਲੋਂ ਲੁਹਾਏ ਜਿਹੜਾ ਐਸਾ ਦਿਸੇ ਨਾ ਵੀਰ ਕਮਾਨ ਧਾਰੀ।
ਲਾਲੀ ਗਿਠ ਗਿਠ ਚੜ੍ਹ ਗਈ ਖਾਲਸੇ ਨੂੰ ਸੁਣਦੇ ਸਾਰ ਹੀ ਕਿਸਾ ਹੈਰਾਨੀਆਂ ਦਾ।
ਕਿਹਾ ਲਾਹਨਤ ਬੇ ਅਣਖੀ ਦੇ ਜੀਵਨੇ ਨੂੰ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਛਡ ਦਿਓ ਸੰਸਾਰੀ ਝੰਮੇਲਿਆਂ ਨੂੰ ਬੁਚੜਖਾਨੇ ਚੋਂ ਗਊ ਪੁਕਾਰਿਆ ਸੀ।
ਆਓ ਹਥਾਂ ਨੂੰ ਬੰਨ੍ਹਕੇ ਮੌਤ ਗਾਨੇ ਦੁਖੀ ਹਿੰਦ ਦੀ ਰੂਹ ਲਲਕਾਰਿਆ ਸੀ।
ਰੋਵਾਂ ਸ਼ੇਰੇ ਪੰਜਾਬ ਦੀ ਮੜ੍ਹੀ ਉਤੇ ਹਦੋਂ ਵਧ ਜਿਸ ਮੈਨੂੰ ਸਤਿਕਾਰਿਆ ਸੀ।
ਸੁਣ ਆਹ ਫਰਿਆਦ ਬਹਾਦਰਾਂ ਨੇ ਡਰ ਖੌਫ ਲਾਹ ਭੋਏਂ ਤੇ ਮਾਰਿਆ ਸੀ।
ਸੰਨ ੭੧ ਜ਼ਲਾਈ ਦੀ ਪੰਦਰਾਂ ਨੂੰ ਕੀਤਾ ਖਤਮ ਟੋਲਾ ਕਹਿਰ ਵਾਨੀਆਂ ਦਾ।
ਜਿਹੜੀ ਹੋਏਗੀ ਸਿਰ ਤੇ ਸਹਿ ਲਾਂ ਗੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਤਾਰਾਂ ਖੜਕੀਆਂ ਤੋੜ ਵਲੈਤ ਤਾਈਂ ਦਹਿਸ਼ਤ ਫੈਲ ਗਈ ਕੁਲ ਜਹਾਨ ਉਤੇ।
ਭੁਲ ਟੋਪੀਆਂ ਸਾਹਬੜੇ ਨਸ ਉਠੇ ਉਪਰ ਦਰਾਂ ਦੇ ਛਡ ਦਰਬਾਨ ਸੁਤੇ।
ਨਾਲ ਲੈ ਲਿਆ ਪਿਠੂਆਂ ਟੋਡੀਆਂ ਨੂੰ ਕਰਨ ਮੁਖਬਰੀ ਬੇਈਮਾਨ ਕੁਤੇ।
ਗਲ ਇਕ ਨਾ ਥਹੁ ਦੀ ਦਸ ਸਕੇ ਅਗਾਂ ਤੱਤੀਆਂ ਝੂਠੇ ਹੀ ਲਾਣ ਬੁਤੇ।

ਐਪਰ ਕੰਬਿਆ ਦਿਲ ਨਾ ਜੋਧਿਆਂ ਦਾ ਐਸਾ ਚੜ੍ਹ ਗਿਆ ਜੋਸ਼ ਜਵਾਨੀਆਂ ਦਾ।
ਕਾਵਾਂ ਕੁਤਿਆਂ ਦੇਹੀ ਨੂੰ ਨਹੀਂ ਖਾਣਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਪੰਜ ਅਗਸਤ ਨੂੰ ਤਿੰਨ ਮਨਸੂਰ ਦੇਥੇ ਐਨਲ ਹੱਕ ਬਦਲੇ ਜਿੰਦਾਂ ਵਾਰ ਗਏ ਸਨ।
ਗਊ ਮਰਨ ਨਹੀਂ ਦੇਣੀ ਪੰਜਾਬ ਅੰਦ੍ਰ ਫਾਂਸੀ ਚੜ੍ਹਦਿਆਂ ਮਾਰ ਲਲਕਾਰ ਗਏ ਸਨ।
''ਦੂਜੇ ਜਨਮ 'ਚ ਬਿਲਿਆ ਯਾਦ ਰਖੀਂ ਤੈਨੂੰ ਕਢਾਂਗੇ'' ਕਰ ਇਕਰਾਰ ਗਏ ਸਨ।
ਰਸਾ ਫਾਂਸੀ ਦਾ ਯਾਰ ਦੀ ਜ਼ੁਲਫ ਜਾਤੀ ਚੁੰਮ ਗਲੇ 'ਚ ਪਾ ਸਰਦਾਰ ਗਏ ਸਨ।
ਸਾਡੀ ਤੋੜ ਨਿਬਾਹੀ ਜੋ ਸਤਿਗੁਰੂ ਜੀ ਦਿਤਾ ਕਿਵੇਂ ਦੇਈਏ ਮਿਹਰਬਾਨੀਆਂ ਦਾ।
ਅਸਾਂ ਫਰਜ਼ ਨਿਬਾਹਿਆ ਨਹੀਂ ਗਰਜ ਸਾਨੂੰ ਮੁਲ ਪਵੇ ਨ ਪਵੇ ਕੁਰਬਾਨੀਆਂ ਦਾ।

ਖੂਨ ਡੋਹਲ ਸ਼ਹੀਦਾਂ ਨੇ ਸਿੰਜੀਆਂ ਜੋ ਕੌਮਾਂ ਜਗ ਉਤੇ ਜ਼ਿੰਦਾ ਰਹਿੰਦੀਆਂ ਨੇ।
ਆਪਾ ਵਾਰ ਸ਼ਹੀਦ ਸੁਰਜੀਤ ਕਰਦੇ ਜਿਹੜੀ ਕੌਮ ਦੀਆਂ ਕਲਾਂ ਢਹਿੰਦੀਆਂ ਨੇ।
ਜਾਨਾਂ ਸੂਰਮਿਆਂ ਦੀਆਂ ਦੇਸ਼ ਖਾਤਰ ਸਦਾ ਦੁਖ ਤਸੀਹੜੇ ਸਹਿੰਦੀਆਂ ਨੇ।
ਐਸਾ ਕਰਨ ਇੰਜੈਕਸ਼ਨ ਬਹਾਦਰੀ ਦਾ ਮੋਈਆਂ ਰੂਹਾਂ ਵੀ ਹੋਸ਼ ਕਰ ਬਹਿੰਦੀਆਂ ਨੇ।
ਹਸ਼ਰ ਤਕ ਜਹਾਨ ਨੂੰ ਯਾਦ ਰਹਿਸੀ ਸਾਕਾ ਕੂਕੇ ਸ਼ਹੀਦ ਲਾਸਾਨੀਆਂ ਦਾ।
ਕਰ ਕੌਮ ਲਈ ਕੁਝ 'ਅਮਰੀਕ' ਤੂੰ ਵੀ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਸ੍ਰੀ ਬਲਬੀਰ ਸਿੰਘ ਜੀ ਢਿਲੋਂ ਸੰਤ ਨਗਰ

ਖੂਨ ਸ਼ਹੀਦਾਂ ਜਿਸ ਥਾਂ ਡੁਲਿਆ ਉਹ ਹੈ ਅੰਮ੍ਰਿਤ ਪਾਣੀ।
ਉਸ ਦੇ ਸੁੰਦਰ ਮਹਾਂ ਸਾਗਰ ਦੀ, ਗੋਦ ਅਜ਼ਾਦੀ ਮਾਣੀ।
ਲਖਾਂ ਹੀ ਤੂਫਾਨ ਹਸਤੀਆਂ, ਕੋਟ ਕਲਾ ਲੈ ਆਏ।
ਮਿਟਿਆ ਆਪ ਮਿਟਾਵਨ ਵਾਲਾ ਇਹ ਹੈ ਅਮਰ ਕਹਾਣੀ।

ਸਾਮਰਾਜੀ ਬਰਤਾਨਵੀਂ ਬਿਲਿਆਂ ਨੇ ਬੁਚੜ ਖਾਨਿਆਂ ਨੂੰ ਥਾਂ ਥਾਂ ਖੋਹਲ ਦਿਤਾ।
ਭਾਰਤ ਮਾਂ ਦੇ ਲਾਡਲੇ ਹਿੰਦੂਆਂ ਦਾ ਧਰਮ ਤਕੜੀ ਚਾੜ ਕੇ ਤੋਲ ਦਿਤਾ।
ਮਾਸ ਗਊ ਦਾ ਗਲੀ ਬਜ਼ਾਰ ਵਿਕਦਾ ਸਿਖੀ ਅਣਖ ਨੂੰ ਵੀ ਪੈਰੀਂ ਰੋਲ ਦਿਤਾ।
ਹਾਕਮ ਗੋਰੇ ਨੇ ਹਿੰਦ ਦੀ ਹਿੱਕ ਉਤੇ ਖੂਨ ਗਊ ਵਿਚਾਰੀ ਦਾ ਡੋਹਲ ਦਿਤਾ।
ਤੱਕ ਜ਼ੁਲਮ ਨੂੰ ਕੂਕੇ ਸਹਾਰਿਆ ਨਾ ਕੀਤਾ ਮਤਾ ਇਹ ਪਾਸ ਵੈਰਾਨੀਆਂ ਦਾ।
ਖਾਤਰ ਧਰਮ ਦੀ ਸੀਸ ਨੂੰ ਲਾ ਦੇਵੋ ਮੁਲ ਪਵੇਗਾ ਫੇਰ ਕੁਰਬਾਨੀਆਂ ਦਾ।

ਲਖਾਂ ਕੋਟ ਪਏ ਚਮਕਦੇ ਹੋਣ ਤਾਰੇ ਚੰਨ ਬਾਝ ਨਾ ਦੂਰ ਹਨੇਰ ਹੁੰਦਾ।
ਚੰਨ ਭਾਵੇਂ ਹਜ਼ਾਰਾਂ ਹੀ ਚੜ੍ਹੇ ਹੋਵਨ ਸੂਰਜ ਬਿਨਾਂ ਨਾ ਕਦੇ ਸਵੇਰ ਹੁੰਦਾ।
ਕੌਣ ਦੇਸ ਦੇ ਕਸ਼ਟ ਨੂੰ ਦੂਰ ਕਰਦਾ ਕੂਕਾ ਪੰਥ ਨਾ ਜੇਕਰ ਦਲੇਰ ਹੁੰਦਾ।
ਧਰਮ ਕਰਮ ਅੰਗਰੇਜ਼ ਨੇ ਰੋਲਣਾ ਸੀ ਜ਼ੁਲਮ ਛਾ ਗਿਆ ਚਾਰ ਚੁਫੇਰ ਹੁੰਦਾ।
ਜੜ੍ਹ ਜ਼ੁਲਮ ਦੀ ਸਦਾ ਲਈ ਕਟਣੇ ਨੂੰ ਜਥਾ ਤਿਆਰ ਹੋਇਆ ਬ੍ਰਹਮ ਗਿਆਨੀਆਂ ਦਾ।
ਲਏ ਸੋਧ ਅਰਦਾਸੇ ਤੇ ਕਹਿਣ ਲੱਗੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਰਾਏਕੋਟ ਵਿਚ ਸ਼ੇਰ ਜਿਉਂ ਭਬਕ ਮਾਰੀ ਖੌਫ ਗੋਰੇ ਦਾ ਰਤਾ ਨਾਂ ਖਾਏ ਕੂਕਾ।
ਕਟਾ ਵੱਢ ਕਰ ਗਊ ਦੇ ਖੋਹਣ ਰੱਸੇ ਜ਼ਿਬਹ ਖਾਨਿਉਂ ਬਾਹਰ ਕਢਾਏ ਕੂਕਾ।
ਚੀਨੀ ਵਾਲੇ ਦਾ ਸਿੱਖ ਅਖਵਾਣ ਖਾਤਰ ਕੀਤੇ ਪੂਣਾਂ ਤੇ ਪੂਰਨੇ ਪਾਏ ਕੂਕਾ।
ਉਧਰ ਦੁਸ਼ਮਣ ਨੇ ਗੁੰਦੀਆਂ ਬਹੁਤ ਗੋਦਾਂ ਘੇਰੇ ਆਪਣੇ ਵਿਚ ਲੈ ਆਏ ਕੂਕਾ।
ਅੰਮ੍ਰਿਤਸਰ ਦੀ ਘਟਨਾਂ ਤੋਂ ਮਾਹ ਪਿਛੋਂ ਮਾਣ ਤੋੜਿਆ ਗੋਰੀਆਂ ਢਾਣੀਆਂ ਦਾ।
ਤਾਂ ਹੀ ਅੱਜ ਪਈ ਜੂਹ ਪੁਕਾਰਦੀ ਏ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਮੰਗਲ ਸਿੰਘ ਮਸਤਾਨ ਸਿੰਘ ਕਹਿਣ ਲਗੇ ਸਾਨੂੰ ਮੌਤ ਦੀ ਕੁਝ ਪ੍ਰਵਾਹ ਨਾਹੀਂ।
ਹੱਸ ਹੱਸ ਕੇ ਚੜ੍ਹਾਂਗੇ ਫਾਂਸੀਆਂ ਤੇ ਧਰਮ ਛੱਡਕੇ ਜੀਣ ਦਾ ਚਾ ਨਾਹੀਂ।
ਗੁਰਮੁਖ ਸਿੰਘ ਨੇ ਕਿਹਾ ਫਰੰਗੀਆ ਓਏ ਸਾਡਾ ਖੌਫ ਤੂੰ ਦਿਲੋਂ ਭੁਲਾ ਨਾਹੀਂ।
ਜਾਮੇਂ ਬਦਲ ਕੇ ਆਵਾਂਗੇ ਫੇਰ ਏਥੇ ਅਸਾਂ ਛਡਣੀ ਤੇਰੀ ਸੁਆਹ ਨਾਹੀਂ।
ਠਾਰਾਂ ਸੌ ਕਹੱਤਰੇ ਸੰਨ ਅੰਦਰ ਦਿਨ ਪੰਜ ਅਗਸਤ ਹੈਰਾਨੀਆਂ ਦਾ।
ਰੱਸੇ ਫਾਂਸੀ ਦੇ ਚੁੰਮਕੇ ਕਹਿਣ ਯੋਧੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਮੋਹਣੀ ਹਿੰਦ ਤੋਂ „ਆਪਾ ਕੁਰਬਾਨ ਕਰਕੇ ਲਿਟ ਧਰਮ ਦੀ ਖੋਹਲ ਸਵਾਰ ਗਏ ਨੇ।
ਆਸ਼ਕ ਮੌਤ ਦੇ ਸੂਲੀ ਦੀ ਸੇਜ ਉਤੇ ਕੂਕ ਹੀਰ ਅਜ਼ਾਦੀ ਲਈ ਮਾਰ ਗਏ ਨੇ।
ਭਰੀ ਵਤਨ ਪਿਆਰ ਦੇ ਜਜ਼ਬਿਆਂ ਦੀ ਬੇੜੀ ਕਰ ਤੂਫਾਨਾਂ ਚੋਂ ਪਾਰ ਗਏ ਨੇ।
ਹੀਰੇ ਹਿੰਦ ਦੇ ਹਿੰਦ ਦੀ ਸ਼ਾਨ ਉਤੋਂ ਬੰਦ ਆਪਣੇ ਕੱਟ ਕੱਟ ਵਾਰ ਗਏ ਨੇ।
ਉਹਨਾਂ ਵਤਨ ਅਜ਼ਾਦੀ ਦੀ ਨੀਂਹ ਰੱਖੀ ਬੁਰਜ ਢੋਣ ਲਈ ਗੋਰੇ ਅਭਿਮਾਨੀਆਂ ਦਾ।
ਪੱਤਾ ਪੱਤਾ ਇਤਿਹਾਸ ਦਾ ਕੂਕਦਾ ਏ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਅੱਜ ਫਿਰ ਗਊ ਗਰੀਬ ਤੇ ਬਣੀ ਮੁਸ਼ਕਲ ਗੋਰੇ ਗਿਆਂ ਵੀ ਨਹੀਂ ਸੁਧਾਰ ਹੋਇਆ।
ਧਰਮ ਅੰਗ ਅੱਜ ਆਰਿਆਂ ਹੇਠ ਢੱਠੇ ਤੇ ਗਰੀਬ ਦਾ ਜੀਣ ਦੁਸ਼ਵਾਰ ਹੋਇਆ।
ਰੋਟੀ ਰੋਜ਼ੀ ਨਾ ਕੁਲੀ ਦਾ ਆਸਰਾ ਏ ਚਾਰਾ ਗਊ ਦਾ ਖਾਜ ਸ੍ਵਕਾਰ ਹੋਇਆ।
ਗੱਲਾਂ ਬਹੁਤੀਆਂ ਤੇ ਕੰਮ ਹੋਣ ਥੋੜੇ ਝੂਠ ਜੂਠ ਦਾ ਦੇਸ਼ ਸ਼ਿਕਾਰ ਹੋਇਆ।
ਉਠੋ ਲਉ ਪ੍ਰੇਰਨਾ ਦੂਲਿਆਂ ਤੋਂ ਦੇਸ਼ ਮੰਗਦੇ ਮਾਣ ਜੁਆਨੀਆਂ ਦਾ।
ਸੁਣੋ ਸੱਦ 'ਬਲਬੀਰ' ਦੀ ਨੌ ਜੁਆਨੋ'! ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਜਸਵੰਤ ਸਿੰਘ 'ਜਸ' ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ

ਖੂਨੀ ਧਰਤ ਰਾਏਕੋਟ ਦੀ ਹਦ ਅੰਦਰ ਨਜ਼ਰੀ ਦਰ ਸ਼ਹੀਦਾਂ ਦਾ ਪੈਣ ਲਗਾ।
ਕਤਰੇ ਖੂਨ ਦੇ ਤਕੇ ਜਾਂ ਧਰਤ ਵਿਚੋਂ ਸੋਮਾ ਬੀਰਤਾ ਦਾ ਬਣਕੇ ਵਹਿਣ ਲਗਾ।
ਜ਼ਰਰੇ ਜ਼ਰਰੇ ਚੋਂ ਇਹ ਪੈਗਾਮ ਮਿਲਿਆ ਨਹੀਂ ਸੂਰਜ ਕੁਰਬਾਨੀ ਦਾ ਲਹਿਣ ਲਗਾ।
ਅਸੀਂ ਸਦਾ ਲਈ ਅਮਰ ਹਾਂ ਜਗ ਅੰਦਰ ਜਿਚਰ ਜਿਮੀ ਅਸਮਾਨ ਹੈ ਰਹਿਣ ਲਗਾ।
ਉਹਨਾਂ ਧਰਮੀਆਂ ਨੂੰ ਲਖ ਪ੍ਰਨਾਮ ਮੇਰੀ ਲਿਖਾਂ ਹਾਲ ਕੀ ਜੋਧੇ ਲਾਸਾਨੀਆਂ ਦਾ।
'ਜਸ' ਵਤਨ ਲਈ ਜਿੰਨਾਂ ਨੇ ਸੀਸ ਵਾਰੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਅਖਾਂ ਸ਼ੇਰੇ ਪੰਜਾਬ ਨੇ ਮੀਟੀਆਂ ਜਾਂ ਝਖੜ ਝੁਲਿਆ ਆਨ ਖੁਦਗਰਜ਼ੀਆਂ ਦਾ।
ਵੜ੍ਹਦੇ ਪਾਸਿਓਂ ਇਕ ਤੂਫ਼ਾਨ ਚੜ੍ਹਿਆ ਕੀਤਾ ਜ਼ੁਲਮ ਜਿਸ ਆ ਮਨਮਰਜ਼ੀਆਂ ਦਾ।
ਕੋਤਵਾਲਾਂ ਤੇ ਥਾਂ ਥਾਂ ਕਤਲਗਾਹਾਂ ਜ਼ੁਲਮੀ ਰਾਤ ਸੀ ਵੇਲਾ ਨ ਸਰਘੀਆਂ ਦਾ।
ਜ਼ਾਲਮ ਮਾਰ ਕੇ ਧੋਨ ਅਬਾਦ ਕੀਤੀ ਸਾਕਾ ਮੂਨੋਂ ਉਹਨਾਂ ਕੂਕੇ ਦਰਦੀਆਂ ਦਾ।
ਸਿਦਕ ਵਾਨ ਸਿਰਲੱਥਾਂ ਨੇ ਖੇਡ ਹੋਲੀ ਮਾਨ ਤੋੜ ਦਿਤਾ ਇੰਗਲਸਤਾਨੀਆਂ ਦਾ।
ਲਾੜੇ ਬਣੇ ਅਜ਼ਾਦੀ ਦੇ ਬੀਰ ਕੂਕੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਖ਼ੂਨ ਉਛਲ ਕੇ ਬੀਰਤਾ ਸ਼ਹੁ ਵਿਚੋਂ ਕੰਢੇ ਜ਼ੁਲਮ ਗੁਲਾਮੀ ਦੇ ਢਾਉਣ ਲਗਾ।
ਅੰਗ ਅੰਗ ਵਿਚ ਅਨਖਦਾ ਪਿਆ ਦੌਰਾ ਧਰਮ ਬੈਠਕੇ ਕੀਰਤੀ ਗਾਉਣ ਲਗਾ।
ਸਤਿਗੁਰ ਰਾਮ ਸਿੰਘ ਤੇਰਾ ਅਜੀਬ ਟੋਲਾ ਕਰਕੇ ਫਾਂਸੀ ਨੂੰ ਹਾਸੀ ਵਿਖਾਉਣ ਲਗਾ।
ਮਾਤ ਭੂਮੀ ਦੇ ਰੇਤ ਦੇ ਕਿਨਕਿਆਂ ਨੂੰ ਸੂਰਜ ਵਾਂਗਰਾ ਚਮਕ ਚਮਕਾਉਣ ਲਗਾ।
ਕਿਹਾ ਖਿਲਿਆ ਅਮਰ ਹਾਂ ਸਦਾ ਜਿੰਦੇ ਮਿਟੂ ਚਿੰਨ੍ਹ ਨਾ ਖ਼ੂਨੀ ਨਿਸ਼ਾਨੀਆਂ ਦਾ।
ਤੇਰਾ ਸਾਹਮਣਾ ਕਰਾਂਗੇ ਆਨ ਮੁੜਕੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਪੰਜ ਅਗਸਤ ਇਕੱਤਰੇ ਸੰਨ ਅੰਦਰ ਸੂਟੇ ਛਡਕੇ ਜਗ ਗੁਰਧਾਮ ਗਏ ਨੇ।
ਸੂਰਜ ਆਪਣੇ ਧਰਮ ਦਾ ਚਾਹੜ ਅਰਸ਼ੀਂ ਮੇਟ ਗੋਰੇ ਦੇ ਜ਼ੁਲਮ ਦੀ ਸ਼ਾਮ ਗਏ ਨੇ।
ਤੇਰਾ ਹਿੰਦ ਚੋਂ ਬਿਸਤਰਾ ਗੋਲ ਕਰਨਾ ਮਰਕੇ ਆਵਾਂਗੇ ਦੇ ਪੈਗਾਮ ਗਏ ਨੇ।
ਖ਼ੂਨ ਆਪਣੇ ਜਿਗਰ ਦਾ ਡੋਲ੍ਹ ਪਹਿਲਾਂ ਭਰ ਭਰ ਪੀ ਕੁਰਬਾਨੀ ਦਾ ਜਾਮ ਗਏ ਨੇ।
ਗੁਰਮੁਖ ਸਿੰਘ ਮੰਗਲ ਮਸਤਾਨ ਸਿੰਘ ਜੀ ਮਾਣ ਤੋੜਿਆ ਗੋਰੇ ਅਭਿਮਾਨੀਆਂ ਦਾ।
ਵਰਕਾ ਖ਼ੂਨੀ ਇਤਹਾਸ ਦਾ ਰਹੂ ਕਹਿੰਦਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਮਸਤ ਵਤਨ ਪਿਆਰ ਦੇ ਵਿਚ ਰਹਿਕੇ ਇਹਨਾਂ ਵਤਨ ਲਈ ਹੁਸਨ ਲੁਟਾ ਦਿਤਾ।
ਸਿਰ ਧੜ ਦੀਆਂ ਬਾਜ਼ੀਆਂ ਲਾ ਇਹਨਾਂ ਭਾਰਤ ਵਰਸ਼ ਦਾ ਨਕਸ਼ਾ ਪਲਟਾ ਦਿਤਾ।
ਜਾਮ ਪੀ ਸ਼ਹਾਦਤੀ ਸੂਰਿਆਂ ਨੇ ਇਹਨਾਂ ਆਪਣਾ ਆਪ ਕਟਾ ਦਿਤਾ।
ਸੰਤ ਰੂਪ ਚੋਂ ਬੀਰਾਂ ਦਾ ਰੂਪ ਬਣਕੇ ਜ਼ਾਬਰ ਜ਼ੁਲਮ ਨਿਸ਼ਾਨ ਮਿਟਾ ਦਿਤਾ।
ਰਾਏਕੋਟ ਦੀ ਮਿਟੀ ਵਿਚ ਚਮਕਦਾ ਰਹੂ ਕਤਰਾ ਖ਼ੂਨ ਜੋ ਸੂਰਜ ਤੂਫ਼ਾਨੀਆਂ ਦਾ।
ਨਾਅਰਾ ਮਾਰ 'ਜਸ' ਆਖਦਾ ਜਗ ਸਾਰਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਸ੍ਰੀ ਸੰਤੋਖ ਸਿੰਘ ਜੀ ਸੰਤਨਗਰ

ਹੋਸੀ ਯਾਦ ਕਾਤਲ ਗਊਆਂ ਕਤਲ ਕਰਕੇ ਜਦੋਂ ਕਰ ਰਹੇ ਸੀ ਛਾਤੀ ਚਾਕ ਤੇਰੀ।
ਬੇਵਸ ਬਰਕਦੇ ਬੁਲ੍ਹਾਂ ਚੋਂ ਨਿਕਲਦੀ ਜੋ ਨਹੀਂ ਸੀ ਕੋਈ ਸੁਣਦਾ ਦੁਖੀ ਹਾਕ ਤੇਰੀ।
ਸਤਿਗੁਰ ਰਾਮ ਸਿੰਘ ਦੇ ਪਤਾ ਈ ਸਿਖ ਕੂਕੇ ਅੜੀਏ ਕਿਵੇਂ ਕੀਤੀ ਰੂਹ ਪਾਕ ਤੇਰੀ।
ਕਿਸਦੀ ਚਮਕ ਨਾਲ ਪੂਜਣੇ ਯੋਗ ਹੋ ਗਈ ਰਾਏਕੋਟ ਦੀ ਧਰਤੀਏ ਖਾਕ ਤੇਰੀ।
ਸੂਰਜ ਓਹਨਾਂ ਦੇ ਖ਼ੂਨ ਦਾ ਚਮਕਦਾ ਏ ਬੂਟਾ ਪੁਟਿਆ ਜਿਨਾਂ ਸ਼ੈਤਾਨੀਆਂ ਦਾ।
ਤੇਰੀ ਅਜ ਬਹਾਰ ਪਈ ਦਸਦੀ ਏ ਪੈਂਦਾ ਮੂਲ ਹੈ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਭੇਰੀ ਸੜਕੇ ਕਿਸਮਤ ਸੁਆਹ ਹੋਈ ਐਹੋ ਜੇਹੇ ਹਰਿਆਵਲੇ ਸੌਣ ਦੇ ਵਿਚ।
ਮੰਗਲ ਸਿੰਘ ਮਸਤਾਨ ਸਿੰਘ ਜਾਨ ਵਾਰੀ ਤੇਰੀ ਵਿਗੜੀ ਤਕਦੀਰ ਬਨੌਣ ਦੇ ਵਿਚ।
ਧਬਾ ਧਰਮ ਦੀ ਕੰਡ ਨਾ ਔਣ ਦਿਤਾ ਪਾਈ ਹਸ ਫਾਹੀ ਗੁਰਮੁਖ ਧੌਣ ਦੇ ਵਿਚ।
ਝੁਕਕੇ ਈਸਾ ਮਨਸੂਰ ਪਏ ਆਖਦੇ ਸੀ ਅਤੇ ਗੂੰਜਦਾ ਸੀ ਗੀਤ ਪੌਣ ਦੇ ਵਿਚ।
ਹਰਾ ਹਿੰਦ ਬਗੀਚੇ ਨੂੰ ਫੇਰ ਕੀਤਾ ਖੂੰਨ ਡੋਹਲਕੇ ਸੋਹਲ ਜਵਾਨੀਆਂ ਦਾ।
ਲਖਾਂ ਵਧਕੇ ਪਥਰੀ ਹੀਰਿਆਂ ਤੋਂ ਪੈਂਦਾ ਮੁਲ ਹੈ ਸਦਾ ਕੁਰਬਾਨੀਆਂ ਦਾ।

ਚਾਨਣ ਸਾਰੇ ਸੰਸਾਰ ਨੂੰ ਦੇ ਰਿਹਾ ਜੋ ਐਸਾ ਦੀਪ ਸ਼ਹੀਦੀ ਜਗਾ ਦਿਤਾ।
ਜ਼ੁਲਮੀ ਜੰਗ ਥੀਂ ਜੋ ਮੈਲਾ ਦੇਸ ਹੋਇਆ ਪਾਣ ਖੂਨ ਦੀ ਚਾਹੜ ਚਮਕਾ ਦਿਤਾ।
ਗਾਰਾ ਮਿਝ ਤੇ ਸਿਰਾਂ ਦੇ ਲਾ ਰੋੜੇ ਉਚਾ ਸਿਖੀ ਮਹਲ ਬਣਾ ਦਿਤਾ।
ਹਰ ਦਿਲ 'ਚ ਹੋ ਗਿਆ ਜੋਸ਼ ਪੈਦਾ ਐਸਾ ਨਾਦ ਬਗਾਵਤ ਵਜਾ ਦਿਤਾ।
ਹਸਦੇ ਸ਼ਮ੍ਹਾਂ ਤੇ ਵੇਖ ਪਤੰਗ ਸੜਦੇ ਦਿਲ ਡੋਲਿਆ ਗੋਰੇ ਗੁਮਾਨੀਆਂ ਦਾ।
ਜ਼ਰਰੇ ਜ਼ਰਰੇ ਚੋਂ ਏਹੋ ਅਵਾਜ਼ ਉਠੀ ਪੈਂਦਾ ਮੁਲ ਹੈ ਸਦਾ ਕੁਰਬਾਨੀਆਂ ਦਾ।

੨੧ ਮੈਣ ੧੯੨੯ ਸੰਮਤ ਏਥੇ ਗੀਤ ਸ਼ਹੀਦੀ ਦੇ ਗਾਏ ਗਏ ਸੀ।
ਕੇਸਰ ਛਿਣਕਦਾ ਸੀ ਇੰਦ੍ਰ ਅੰਬਰਾਂ ਤੋਂ ਕੂਕੇ ਮੌਤ ਨਾਲ ਜਦੋਂ ਪਰਨਾਏ ਗੇ ਸੀ।
ਸ਼ਾਹਦੀ ਭਰੇ ਲੁਧਿਹਾਣੇ ਦੀ ਜੇਲ੍ਹ ਹਾਲਾਂ ਗਿਆਨੀ ਰਤਨ ਜਿਥੇ ਤਖਤ ਬਹਾਏ ਗੇ ਸੀ।
ਬਣਗੇ ਪੂਰਨੇ ਉਹ ਇਤਹਾਸ ਸੋਹਣਾ ਜੇਹੜੇ ਸੀਸ ਦੀ ਕਲਮ ਨਾਲ ਪਾਏ ਗੇ ਸੀ।
ਅਸਾਂ ਆਪਣਾ ਦੇਸ਼ ਅਜ਼ਾਦ ਕਰਨੈ ਡੇਰਾ ਪੁਟ ਦੇਣੈ ਇੰਗਲਸਤਾਨੀਆਂ ਦਾ।
ਹੋਈ ਉਹ ਸੰਤੋਖ ਮੁਰਾਦ ਪੂਰੀ ਪੈਂਦਾ ਮੁਲ ਹੈ ਸਦਾ ਕੁਰਬਾਨੀਆਂ ਦਾ।

[ਮਾਸਟਰ ਅਜੀਤ ਸਿੰਘ ਜੀ ਡਲ ਸ੍ਰੀ ਜੀਵਨ ਨਗਰ

ਰੋਂਦੀ ਸ਼ੇਰੇ-ਪੰਜਾਬ ਦੀ ਮੜ੍ਹੀ ਉਤੇ ਨਾਰ ਅਜ਼ਾਦੀ ਜਾਂ ਪਾਰਲੇ-ਪਾਰ ਹੋਈ।
ਗੋਰੇ ਸ਼ਾਹੀ ਨੇ ਆਣ ਪ੍ਰਵੇਸ਼ ਕੀਤਾ ਖਾਤਰ ਗਊਆਂ ਦੇ ਛੁਰੀ ਤਿਆਰ ਹੋਈ।
ਖੁਲ੍ਹੇ ਜਿਬਾਹ ਖਾਨੇ ਧਰਮ-ਹਿੱਕ ਉਤੇ ਸਿੱਖੀ ਅਣਖ ਦੇ ਲਈ ਇਹ ਖਾਰ ਹੋਈ।
ਲਹੂ ਮਾਸ ਦੇ ਠਿਡੇ ਜਾਂ ਵਹਿਣ ਵਹਿੰਦੇ ਜੋਸ਼ ਜਾਗਿਆ ਫੱਕਰਾਂ-ਫਾਨੀਆਂ ਦਾ।
ਰੱਸਾ ਰੇਸ਼ਮੀ ਚੁੰਮ ਮਨਸੂਰ ਕਹਿੰਦੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਗੁੱਟ ਹੋ ਗੋਰਾ ਖੂਨੀ ਨਸ਼ੇ ਅੰਦਰ ਤਾਣੀ ਤਣ ਰਿਹਾ ਸੀ ਬੁਚੜ ਖਾਨਿਆਂ ਦੀ।
ਅੱਖ ਵੇਖਦੀ ਕਿਵੇਂ ਹਨੇਰ ਗਰਦੀ ਵਿੱਧੇ ਨੂਰ ਦੇ ਸਚੇ ਪ੍ਰਵਾਨਿਆਂ ਦੀ।
ਕੱਟ ਰੱਸੇ ਮਿਰ-ਖੇਨੂੰ ਉਡਾ ਦਿਤੇ ਮਸਤ ਹੋਈ ਸ਼ਮਸ਼ੀਰ ਦੀਵਾਨਿਆਂ ਦੀ।
ਬਦਲੇ ਖੂਨ ਦੇ ਖੂਨ ਦੀ ਭੇਟ ਦੇਕੇ ਨੀਂਹ ਰੱਖ ਲਈ ਨਵੇਂ ਨਿਸ਼ਾਨਿਆਂ ਦੀ।
ਕਹਿੰਦੇ ਜ਼ੁਲਮ ਦਾ ਰਾਜ ਨਹੀਂ ਰਹਿਣ ਦੇਣਾ ਏਹੋ ਨਾਹਰਾ ਸੀ ਖੁਲ੍ਹ ਦੇ ਬਾਨੀਆਂ ਦਾ।
ਅਜ਼ਾਦੀ ਤਖਤ ਲਈ ਤਖਤਾ ਕਬੂਲ ਕਰ ਗਏ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਉਨਵੀਂ ਸਦੀ ਇਕੱਤਰੇ ਸਾਲ ਅੰਦਰ ਵੰਡੇ ਕੂਕਿਆਂ ਆਈਆਂ ਸ਼ਹੀਦੀਆਂ ਨੇ।
ਸੁਧਾਸਰ ਦੇ ਸਾਕਿਉਂ ਮਾਹ ਪਿਛੋਂ ਰਾਇਕੋਟ ਵਿਚ ਪਾਈਆਂ ਸ਼ਹੀਦੀਆਂ ਨੇ।
ਲਾਹ ਗਊ-ਰੱਸੇ ਪਾ ਲੈ ਗਲਾਂ ਅੰਦਰ ਵਾਂਗ ਪੀਂਘਾਂ ਝੂਟਾਈਆਂ ਸ਼ਹੀਦੀਆਂ ਨੇ।
ਮੰਗਲ ਸਿੰਘ ਦੇ ਗਲ ਪਈ ਫੁਲ ਮਾਲਾ ਮਸਤਾਨ ਸਿੰਘ ਪ੍ਰਨਾਈਆਂ ਸ਼ਹੀਦੀਆਂ ਨੇ।
ਗੁਰਮੁਖ ਸਿੰਘ ਦੀ ਯਾਦ ਮਨਾਉਣ ਬਦਲੇ ਆਇਆ ਕਾਫ਼ਲਾਅੱਜ ਰੂਹਾਨੀਆਂ ਦਾ।
ਹਿਰਦੇ ਕੂਕਦੇ ਨੇ ਓਹਲੇ ਛਾਤੀਆਂ ਦੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਰੁਤਬਾ ਰੱਬ ਦਾ ਰਖਦੇ ਜੱਗ ਉਤੇ ਗੁਰੂ ਨਿਗਾਹ ਦੀ ਪਰਖ ਚੋਂ ਪਾਰ ਹੋਏ।
ਤੱਕ ਉਹਨਾਂ ਤਾਂਈ ਕਤਲਗਾਹ ਕੰਬੇ ਸਰ ਕਲਮ ਜੋ ਵਲੋਂ ਕਰਤਾਰ ਹੋਏ।
ਸਾਗਰ ਧਰਮ ਦਾ ਮੌਤ ਮੁਲਾਹ ਕਰਕੇ ਮੈਂ-ਮੇਰੀ ਦੇ ਪਤਣੋਂ ਪਾਰ ਹੋਏ।
ਵਸਤ ਓਸ ਦੀ ਓਸਦੇ ਰੱਖ ਅਗੇ ਅਸਲ ਜ਼ਿੰਦਗੀ ਦੇ ਹੱਕਦਾਰ ਹੋਏ।
'ਅਜੀਤ' ਉਹਨਾਂ ਦੀਆਂ ਤੇਗਾਂ ਮਾਰੀਆਂ ਨੂੰ ਅਸਲਾ ਪੂਜਦਾ ਅਜਇਨਸਾਨੀਆਂ ਦਾ।
ਲੂੰ ਕੰਡਿਆਂ ਵਿਚੋਂ ਅਵਾਜ਼ ਨਿਕਲੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਪ੍ਰਕਾਸ਼ ਸਿੰਘ ਜੀ ਪ੍ਰਕਾਸ਼ ਸੰਤਨਗਰ

ਅਣਖੀ ਸਿੰਘਾਂ ਦੇ ਖੂਨ ਉਬਾਲ ਖਾਧਾ ਅਖੀਂ ਵਾਂਗ ਅੰਗਿਆਰਾਂ ਭਖਾਣ ਲਗੇ।
ਸਾਕੀ ਸਮਝਕੇ ਮੌਤ ਨੂੰ ਵਾਜ ਮਾਰੀ "ਭਰਦੇ ਜਾਮ ਸ਼ਹਾਦਤ" ਫੁਰਮਾਣ ਲਗੇ।
ਬੁਚੜਖਾਨੇ ਤੇ ਲਥੇ ਤੂਫਾਨ ਬਣਕੇ ਤੇਗਾਂ ਬਿਜਲੀ ਵਾਂਙ ਲਿਸ਼ਕਾਣ ਲਗੇ।
ਦੁਖ ਗਊਆਂ ਦਾ ਦਿਲਾਂ ਵਿਚ ਭੜਕਿਆ ਸੀ ਗਊ ਬਧਕਾਂ ਦੇ ਲਹੂ ਨ੍ਹਾਣ ਲਗੇ।
ਤੇਗ ਲੰਘਦੀ ਜਿਥੋਂ ਦੀ ਸ਼ਾਂ ਕਰਕੇ ਸੋਮਾ ਫੁਟਦਾ ਰੰਗਲੇ ਪਾਣੀਆਂ ਦਾ।
ਦਰਦ ਗਊਆਂ ਦਾ ਅਰਸ਼ੋਂ ਅਵਾਜ਼ ਬਣਿਆ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਬੱਬਰ ਸ਼ੇਰਾਂ ਨੇ ਭਬਕਕੇ ਝਪਟ ਮਾਰੀ ਅਣਖ ਬਿਲੇ ਬਘਿਆੜ ਤੋਂ ਖੋਹਣ ਲਗੇ।
ਖੱਪਰ ਖੂਨ ਲਈ ਅੜਿਆ ਕਾਲਕਾ ਨੇ ਸ਼ਿਵਜੀ ਮੁੰਡਾਂ ਦੇ ਹਾਰ ਪਰੋਣ ਲਗੇ।
ਤੋਬਾ ਤੋਬਾ ਪੁਕਾਰਿਆ ਰੰਘੜਾਂ ਨੇ ਜਿਵੇਂ ਸ਼ੇਰ ਬਕਰੋਟੇ ਨੂੰ ਕੋਹਣ ਲਗੇ।
ਰੱਤ ਗਊਆਂ ਦੀ ਜੰਮੀ ਜ਼ਮੀਨ ਉਤੇ ਡੋਹਲ ਬੁਚੜਾਂ ਦਾ ਖੂਨ ਧੋਣ ਲਗੇ।
ਲਿਆ ਸਿੰਘਾਂ ਨੇ ਖੂੰਨ ਦਾ ਖੂੰਨ ਬਦਲਾ ਲਾਹਾ ਖਟਿਆ ਛੈਲ ਜਵਾਨੀਆਂ ਦਾ।
ਬਣ ਸਿੰਘਾਂ ਦੇ ਸਿੰਘਾਂ ਨੂੰ ਦਸ ਦਿਤਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਫੂੰਕਰ ਜੋਸ਼ ਵਿਚ ਮਾਰਕੇ ਸੂਰਿਆਂ ਨੇ ਮੋਮ ਵਾਂਙ ਚਟਾਨ ਪਿਘਲਾ ਦਿਤੇ।
ਬਿਲੇ ਬੈਠੇ ਸੀ ਬਾਗ ਵਿਚ ਬੋਹਰ ਬਣਕੇ ਧਮਕਾਂ ਮਾਰਕੇ ਮੁਢ ਹਿਲਾ ਦਿਤੇ।
ਆਕੜ ਜਿਨ੍ਹਾਂ ਦੀ ਧੌਣ ਨਹੀਂ ਲਿਫਣ ਦਿੰਦੀ ਵਟ ਕਢਕੇ ਸਿਧੇ ਲਿਟਾ ਦਿਤੇ।
ਤੇਗਾਂ ਫੇਰ ਮਿਆਨਾਂ ਵਿਚ ਘਤ ਲਈਆਂ ਸਿੰਘਾਂ ਫਤੇ ਜੈਕਾਰੇ ਬੁਲਾ ਦਿਤੇ।
ਗੌਰਾ ਸਹਿਮਿਆ ਸਿੰਘਾਂ ਦਾ ਸੁਣ ਹਲਾ ਭਾਗ ਜਾਗ ਪਿਆ ਹਿੰਦੁਸਤਾਨੀਆਂ ਦਾ।
ਬੜ੍ਹਕ ਮਾਰਕੇ ਗਊਆਂ ਅਸੀਸ ਦਿਤੀ ਮੁਲ ਪਵੇਗਾ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਦਿਤਾ ਫਾਹੇ ਦਾ ਹੁਕਮ ਸਰਕਾਰੀਆਂ ਨੇ 'ਜੰਨਤ ਮਿਲਗਈ' ਅਗੋਂ ਸੁਨਾਣ ਲਗੇ।
ਖੇ ਬੁਚੜਾਂ ਦੀ ਜੈ ਖਾਲਸੇ ਦੀ ਜੋਸ਼ ਵਿਚ ਆਕੇ ਨਾਅਰੇ ਲਾਣ ਲਗੇ।
ਚੀਨੀ ਵਾਲੇ ਦੇ ਸਿੰਘਾਂ ਦਾ ਸਿਦਕ ਦੇਖਨ ਪੁਰੀਆਂ ਛਡਕੇ ਦੇਵਤੇ ਆਣ ਲਗੇ।
ਖੜੀ ਵਿਚ ਉਡੀਕ ਦੇ ਮੌਤ ਨੰਢੀ ਬਾਹਵਾਂ ਰੇਸ਼ਮੀ ਗਲੇ ਵਿਚ ਪੌਣ ਲਗੇ।
ਹਾਰ ਗੁੰਦਲੈਆਇਆ ਸ਼ਹੀਦ ਮੰਡਲ ਸੁਆਗਤ ਕਰਨਲਈਸਿਰਾਂ ਦੇ ਦਾਨੀਆਂਦਾ।
ਅਰਸ਼ ਫਰਸ਼ ਤੇ ਜੈ ਜੈ ਪ੍ਰਕਾਸ਼ ਹੋਈ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

———

[ਗਿ: ਬਖਸ਼ੀਸ਼ ਸਿੰਘ ਜੀ ਸਫਰੀ ਕਰੀਵਾਲਾ

ਹਤਕ ਵੇਖ ਗੁਰ ਧਾਮ ਦੀ ਜੋਸ਼ ਆਇਆ ਭਖੀਆਂ ਚੇਹਰਿਆਂ ਦੇ ਉਤੇ ਲਾਲੀਆਂ ਨੇ।
ਡੌਲੇ ਫਰਕ ਉਠੇ ਮਥੇ ਵਟ ਖਾਧਾ ਭਵਾਂ ਵਾਂਗ ਕਮਾਨ ਚੜ੍ਹਾਲਈਆਂ ਨੇ।
ਅਸੀਂ ਨਾਸ ਕਰਨਾਂ ਗਊ ਘਾਤੀਆਂ ਦਾ ਆਪੋ ਵਿਚ ਏਹ ਗਲਾਂ ਪਕਾ ਲਈਆਂ ਨੇ।
ਕੀਤਾ ਫੈਸਲਾ ਅਣਖੀ ਜੁਝਾਰਿਆਂ ਨੇ ਜਾਨਾਂ ਤਲੀ ਦੇ ਉਤੇ ਟਿਕਾ ਲਈਆਂ ਨੇ।
ਗੁਰਮੁਖ ਸਿੰਘ ਨੇ ਕਿਹਾ ਮਸਤਾਨ ਸਿੰਘਾ ਮਾਨ ਤੋੜਨਾ ਅਸਾਂ ਗੁਮਾਨੀਆਂ ਦਾ।
ਵਤਨ ਗਊ ਗਰੀਬ ਲਈ ਜਿੰਦ ਲਾਈਏ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਸ਼ੇਰ ਵੜੇ ਆ ਮਿਰਗਾਂ ਦੀ ਡਾਰ ਅੰਦਰ ਜਾਨਾਂ ਤੇਗ ਦੀ ਨੋਕ ਤੇ ਹਾੜੀਆਂ ਨੇ।
ਹਾ ਹਾ ਕਾਰ ਮਚੀ ਵਿਚ ਬੁਚੜਾਂ ਦੇ ਜਿਵੇਂ ਛੇਲੀਆਂ ਬਾਘ ਨੇ ਪਾੜੀਆਂ ਨੇ।
ਲਤ ਬਾਂਹ ਗੰਡੇ ਹਥ ਪੈਰ ਕਟੇ ਜਿਵੇਂ ਅਯਾਲੀਆਂ ਛਾਂਗੀਆਂ ਝਾੜੀਆਂ ਨੇ।
ਚੜ੍ਹੀਆਂ ਲਾਲੀਆਂ ਧਰਤ ਦੀ ਹਿਕ ਉਤੇ ਬੰਨ੍ਹੀਆਂ ਸੱਜ ਵਿਆਹੀਆਂ ਜਿਉਂ ਸਾੜ੍ਹੀਆਂ ਨੇ।
ਅਗੇ ਆਇਆ ਨਾ ਭਜਕੇ ਜਾਣ ਦਿਤਾ ਬਦਲਾ ਲਿਆ ਏ ਖੂਬ ਸ਼ਤਾਨੀਆਂ ਦਾ।
ਮੰਗਲ ਸਿੰਘ ਵੰਗਾਰ ਕੇ ਕਹਿਣ ਲਗਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਸ਼ੋਹਲੇ ਉਠੇ ਜ਼ਾਂ ਧਾਰ ਤਲਵਾਰ ਵਿਚੋਂ ਵੇਖ ਗੁੰਮ ਹੋਈ ਜਿੰਦ ਸਾਰਿਆਂ ਦੀ।
ਤੇਜੀ ਸੂਰਜ ਵੀ ਵੇਖ ਨਾ ਝਲ ਸਕੇ ਹੋਈ ਲੋ ਕਾਫੂਰ ਜਾਂ ਤਾਰਿਆਂ ਦੀ।
ਮਾਵਾਂ ਪੁਤ ਤੇ ਨਾਰ ਭਤਾਰ ਛਡੇ ਰਹੀ ਆਸ ਨਾ ਕੋਈ ਸਹਾਰਿਆਂ ਦੀ।
ਕਰਬ ਲਾਟ ਮਚੀ ਵਿਚ ਵੇਹੜਿਆਂ ਦੇ ਬੋਲੀ ਹੁੰਦੀ ਏ ਮੌਤ ਵਣਜਾਰਿਆਂ ਦੀ।
ਵਾਂਗੂੰ ਮੁਰਗਿਆਂ ਤੜਫਦੇ ਤੇਗ ਹੇਠਾਂ ਟੁੱਟਾ ਮਾਣ ਆ ਵਡਿਆਂ ਮਾਨੀਆਂ ਦਾ।
ਸਿੰਘਾਂ ਕਰ ਕਮਾਲ ਵਖਾਲ ਦਿਤੀ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਪੁਤਲੇ ਸਚਦੇ ਸੱਚ ਦੀ ਦੇ ਰੰਗਤ ਪ੍ਰੇਸ਼ਾਨ ਕੀਤਾ ਕਰਮ ਚਾਰੀਆਂ ਨੂੰ।
ਝੁਸੀਂ ਕਰੋ ਕਾਨੂੰਨ ਕਟਾਰ ਤਿਖੀ ਸੋਚ ਰਹੇ ਕੀ ਹੋਰ ਤਿਆਰੀਆਂ ਨੂੰ।
ਅਸੀਂ ਹਾਂ ਕਾਤਲ ਏਹਨਾਂ ਬੁਚੜਾਂ ਦੇ ਬਾਕੀ ਛਡ ਦੇਵੋ ਨਾਮਧਾਰੀਆਂ ਨੂੰ।
ਮਹਿਲ ਅਸਾਂ ਅਜ਼ਾਦੀ ਤਿਆਰ ਕਰਨਾ ਨਾਲ ਖੂਨ ਦੇ ਸਿੰਜ ਕਿਆਰੀਆਂ ਨੂੰ।
ਹੁਕਮ ਫਾਂਸੀ ਦਾ ਦਿਤਾ ਜਾਂ ਬਿਛਿਆਂ ਨੇ ਖੇੜਾ ਖਿੜਿਆ ਏ ਰੂਹਾਂ ਮਸਤਾਨੀਆਂ ਦਾ।
ਗੂੰਜ ਪਾਈ 'ਬਖਸ਼ੀਸ਼' ਜੈਕਾਰਿਆਂ ਨੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਸ੍ਰੀ ਅਰਜਨ ਸਿੰਘ ਜੀ ਦਸਵੀਂ ਜਮਾਤ, ਸੰਤ ਨਗਰ

ਉਹ ਸਨ ਮਸਤ ਮਲੰਗ ਚੀਨੀਵਾਲੜੇ ਦੇ ਮਰਨ ਮਾਰਨ ਲਈ ਜਿਹੜੇ ਤਿਆਰ ਹੋ ਗਏ।
ਰੂਪ ਤੇਜ ਮਥਾ ਡਲ੍ਹਕਾਂ ਮਾਰਦਾ ਸੀ ਬਲਦੀ ਸ਼ਮ੍ਹਾਂ ਦੇ ਉਹ ਚਮਤਕਾਰ ਹੋ ਗਏ।
ਗੈਰੇ ਲਈ ਉਹ ਅੱਗ ਦੀ ਨਾੜ ਹੋ ਗਏ ਗਊਆਂ ਵਾਸਤੇ ਕ੍ਰਿਸ਼ਨ ਮੁਰਾਰ ਹੋ ਗਏ।
ਰਾਏਕੋਟ ਗੁਰਧਾਮ ਦੀ ਵੇਖ ਬੇਅਦਬੀ ਜੋਸ਼ ਸਿੰਘਾਂ ਵਿਚ ਬੇਸ਼ੁਮਾਰ ਹੋ ਗਏ।
ਵੇਲਾ ਨਹੀਂ ਨਮਰਦ ਅਖਵੋਣ ਦਾ ਹੁਣ ਟੋਕਾ ਦੇ ਦਿਤਾ ਤਾਕਤਵਾਨੀਆਂ ਦਾ।
ਜਾਨਾਂ ਤਲੀ ਤੇ ਰਖ ਲੋ ਗਊ ਬਦਲੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਭਾਰਤ ਮਾਤ ਵੀ. ਦੇਣ ਅਸੀਸ ਲਗੀ ਥੰਮ੍ਹ ਦੇਸ਼ ਦੇ ਕੌਮੀ ਸਿਤਾਰਿਆਂ ਨੂੰ।
ਸਚ ਧਰਮ ਪਏ ਉਹਨਾਂ ਦੀ ਭਰਨ ਹਾਮੀ ਨਿਵਣ ਬਰਕਤਾਂ ਸਚੇ ਵਣਜਾਰਿਆਂ ਨੂੰ।
ਲੋਕ ਅਤੇ ਪ੍ਰਲੋਕ ਵਿਚ ਜੈ ਹੋਵੇ ਉਹਨਾਂ ਸਚਿਆਂ ਰਾਜ ਦੁਲਾਰਿਆਂ ਨੂੰ।
ਵਿਚ ਹਿਰਦਿਆਂ ਦੇ ਨਾਮ ਲਿਖੇ ਜਾਂਦੇ ਕਰਦੀ ਯਾਦ ਲੋਕਾਈ ਬਲਕਾਰਿਆਂ ਨੂੰ।
ਸਿਖ ਨਹੀ ਡੋਲੇ ਨਾ ਹੀ ਡੋਲਸਣਗੇ ਸਾਂਝਾ ਨਾਹਰਾ ਸੀ ਇਹ ਬਲਵਾਨੀਆਂ ਦਾ।
ਜਾਨ ਦੇਣੀ ਏਂ ਵਤਨ ਦੀ ਜੰਗ ਅੰਦਰ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਗੁਰਮੁਖ ਸਿੰਘ ਵਰਗੇ ਜੋਧੇ ਗਊ ਖਾਤਰ ਚੜ੍ਹਕੇ ਧਰਮ ਦੇ ਕੰਡੇ ਤੇ ਤੁਲ ਗਏ।
ਆਸ਼ਕ ਸਚ ਦੇ ਹੱਕ ਦੀ ਸ਼ਮ੍ਹਾ ਉਤੇ ਆਪਾ ਮੇਟਕੇ ਆਪ ਹੋ ਗੁਲ ਗਏ।
ਸਾਡੇ ਲਈ ਉਹ ਰੁਮਕਦੀ ਹਵਾ ਹੋਕੇ ਗੈਰੇ ਲਈ ਝਖੜ ਵਾਂਗੂ ਝੁਲ ਗਏ।
ਨਾਮ ਰੋਸ਼ਨ ਕਰਾ ਗਏ ਜਗ ਉਤੇ ਭਾਰਤ ਬਾਗ ਦੇ ਟਹਿਕਦੇ ਫੁਲ ਗਏ।
ਰਖ ਹੌਂਸਲਾ ਮੁਖੋਂ ਨਹੀਂ ਸੀ ਕੀਤੀ ਸਿਦਕ ਪ੍ਰਖਿਆ ਗਿਆ ਸਿਦਕਵਾਨੀਆਂ ਦਾ।
ਵਤਨ ਵਾਸਤੇ ਫਾਸੀਆਂ ਗਲੀਂ ਪਾ ਗਏ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਰਹਿਣ ਸਦਾ ਈ ਅਮਰ ਉਹ ਜਗ ਉਤੇ, ਜਿਹੜੇ ਵਤਨ ਲਈ ਆਪਾ ਮਿਟਾ ਦਿੰਦੇ।
ਬਣਕੇ ਤਾਰੇ ਉਹ ਚਮਕਦੇ ਮੰਡਲਾਂ ਤੇ, ਦੇਸ਼ ਲਈ ਜੋ ਹੁਸਨ ਲੁਟਾ ਦਿੰਦੇ।
ਸੋਹਣੀ ਹੀਰ ਅਜ਼ਾਦੀ ਨੂੰ ਵਰਨ ਖਾਤਰ, ਰਾਂਝੇ ਮੌਤ ਨੂੰ ਜਫੀਆਂ ਪਾ ਦਿੰਦੇ।
ਓਹੋ ਵਤਨ ਦੇ ਗੀਤ ਨੂੰ ਗਾ ਜਾਂਦੇ, ਜਿਹੜੇ ਛਾਤੀਆਂ ਗੋਲੀ ਨੂੰ ਡਾਹ ਦਿੰਦੇ।
ਸਾਡੇ ਦਿਲਾਂ ਤੋਂ ਨਾਮ ਨਹੀਂ ਮਿਟ ਸਕਦਾ, ਮੰਗਲ ਸਿੰਘ ਮਸਤਾਨਜਿਹੇ ਬਾਨੀਆਂ ਦਾ।
"ਅਰਜਨ" ਹਸਕੇ ਜਾਨ ਕੁਰਬਾਨ ਕਰਦੇ, ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਹਰਭਜਨ ਸਿੰਘ ਜੀ ਪਰਵਾਨਾ ਸੈਕੰਡ ਈਅਰ ਸਟੂਡੈਂਟ ਸੰਤ ਨਗਰ

ਪਿਆਰੇ ਵਤਨ ਦੀ ਮਿੱਟੀ ਚੋਂ ਹੋ ਪੈਦਾ ਵਤਨ ਲਈ ਜੋ ਜ਼ਿੰਦਾ ਕੁਰਬਾਨ ਹੁੰਦੇ।
ਗਊ ਗਰੀਬ ਮਜ਼ਲੂਮ ਨਿਹੱਥਿਆਂ ਲਈ ਤੀਰ ਤੁਪਕ ਤੁਫੰਗ ਕਮਾਨ ਹੁੰਦੇ।
ਕਾਇਮ ਦੇਸ਼ ਅਜ਼ਾਦੀ ਨੂੰ ਰਖਣਦੇ ਲਈ ਪਾ ਕੇ ਫਾਂਸੀਆਂ ਗਲ ਬਲਵਾਨ ਹੁੰਦੇ।
ਪਕੀਆਂ ਕੜੀਆਂ ਜ਼ੰਜੀਰਾਂ ਗੁਲਾਮੀ ਦੀਆਂ ਤੋੜਣ ਲਈ ਉਹ ਅਹਿਰਣ ਵਦਾਨ ਹੁੰਦੇ।
ਜ਼ਿੰਦਾਨਾਮ ਹੈ ਉਹਨਾਂਦਾ ਸਦਾ ਰਹਿੰਦਾ ਮਰਕੇ ਕਰਦੇ ਜੋ ਸੌਦਾਜ਼ਿੰਦਗਾਨੀਆਂ ਦਾ।
ਲੱਖਾਂ ਆਉਂਦੇ ਤੇ ਚੁਪਕੇ ਮਰ ਜਾਂਦੇ (ਪਰ) ਮੁਲ ਪੈਂਦਾ ਹੈ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਸਾਡੀ ਫੁਟ ਨੂੰ ਤਕ ਬਰਤਾਨੀਆਂ ਨੇ ਪੈਰ ਭਾਰਤ ਦੇ ਵਿਚ ਟਿਕਾ ਦਿਤਾ।
ਸਾਡੇ ਕੁਲ ਅਧਿਕਾਰਾਂ ਦਾ ਵਢ ਫਸਤਾ ਖੂਨ ਹੁੰਦਿਆਂ ਮੁਰਦੇ ਬਣਾ ਦਿਤਾ।
ਥਾਂ ੨ ਦੇਸ਼ ਚ' ਖੋਹਲ ਕੇ ਬੁਚੜ ਖਾਨੇ ਗਾਂ ਦੀ ਰੱਤ ਦਾ ਹੜ੍ਹ ਵਗਾ ਦਿਤਾ।
ਮਾਸ ਗਊ ਦਾ ਵਿਕੇ ਬਜ਼ਾਰਾਂ ਦੇ ਵਿਚ ਗਊ-ਜਾਇਆ ਵੀ ਪੁਠਾ ਲਟਕਾ ਦਿਤਾ।
ਐਸੇ ਘੋਰ ਅੰਧੇਰੇ ਵਿਚ ਚੰਨ ਚੜ੍ਹਿਆ ਜ਼ੁਲਮ ਮੇਟਨ ਲਈ ਗੋਰੇ ਅਭਿਮਾਨੀਆਂ ਦਾ।
ਅਜ਼ਾਦੀ ਸ਼ਮਾਂ ਤੇ ਸੜਦੇ ਪਰਵਾਨੇ ਕਹਿੰਦੇ ਮੁਲ ਪੈਂਦਾ ਹੈ ਸਦਾ ਕੁਰਬਾਨੀਆਂ ਦਾ।

ਭਾਨ ਬਾਰ੍ਹਵੇਂ ਨਵਾਂ ਪ੍ਰਕਾਸ਼ ਕੀਤਾ ਸੂਰਬੀਰਤਾ ਅਣਖ ਚਮਕਾ ਦਿਤੀ।
ਕਤਲ ਹੁੰਦੀ ਜੋ ਗਊ ਬਚਾਣ ਖਾਤਰ ਕਤਲ ਹੋਣ ਦੀ ਜਾਚ ਸਿਖਾ ਦਿਤੀ।
ਛੁਰੀ ਗਊ ਦੇ ਗਲੇ ਤੋਂ ਲਾਹੁਣ ਦੇ ਲਈ ਸਿੰਘਾਂ ਜਿੰਦਾਂ ਦੀ ਬਾਜੀ ਲਗਾ ਦਿਤੀ।
ਮੰਗਲ ਸਿੰਘ ਮਸਤਾਨ ਸਿੰਘ ਸੂਰਮੇ ਨੇ ਪਿਛੋਂ ਲਗ ਕੇ ਅਗਾਂਹ ਵਧਾ ਦਿਤੀ।
ਥਾਂ ੨ ਗਦਰ ਅਜ਼ਾਦੀ ਲਈ ਹੋਣ ਲਗੇ ਅੰਤ ਰਿਹਾ ਨਾ ਗੋਰੇ ਹੈਰਾਨੀਆਂ ਦਾ।
ਸੂਰੇ ਚੜ੍ਹ ਫਾਂਸੀ ਰੋਹ ਵਿਚ ਕਹਿ ਰਹੇ ਸਨ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਤਕ ਕੇ ਜੋਸ਼ ਐਸਾ ਨਾਮਧਾਰੀਆਂ ਵਿਚ ਮੱਥਾ ਫੜ ਅੰਗ੍ਰੇਜ਼ ਵੀ ਬਹਿ ਗਿਆ ਸੀ।
ਬੁਚੜ ਵਢਕੇ ਗਊਆਂ ਨੂੰ ਮੁਕਤ ਕੀਤਾ ਹਰ ਜਾ ਨਾਦ ਆਜਾਦੀ ਦਾ ਠਹਿ ਰਿਹਾ ਸੀ।
ਰਾਏਕੋਟ ਚ' ਗੁਰਮੁਖ ਸਿੰਘ ਸਾਥੀਆਂ ਦਾ ਲਾਲ ਖੂਨ ਅਜਾਦੀ ਲਈ ਵਹਿ ਰਿਹਾ ਸੀ।
ਭੌਰਾ ਖੁਸ਼ਬੂ ਅਜਾਦੀ ਦੀ ਲੈਣ ਬਦਲੇ ਨਾਲ ਜ਼ੁਲਮ ਕੰਡਿਆਲੜੇ ਖਹਿ ਰਿਹਾ ਸੀ।
ਭਾਰਤ ਮਾਤ ਤੇ ਗਊ ਦੇ ਦਰਦੀਆਂ ਨੇ ਮੂੰਹ ਮੋੜ ਦਿਤਾ ਜ਼ੁਲਮੀ ਕਾਨੀਆਂ ਦਾ।
ਜਸ ਪਰਵਾਨਿਆਂ ਦਾ ਨਿਤ ਦੇਸ਼ ਗੌਂਦੇ ਮੁਲ ਪੈਂਦਾ ਹੈ ਸਦਾ ਕੁਰਬਾਨੀਆਂ ਦਾ।

[ਸੰਤ ਬਿਸ਼ਨ ਸਿੰਘ ਜੀ ਦਮਦਮਾ

ਜਦੋਂ ਸਾਂਭਿਆ ਹਿੰਦ ਫਰੰਗੀਆਂ ਨੇ ਹਿੰਦੂ ਸਿਖ ਤੇ ਮੁਸਲੇ ਲੜੌਣ ਲਗ ਪਏ।
ਅੰਮ੍ਰਿਤਸਰ ਗੁਰਧਾਮ ਤੇ ਹੋਰ ਨਗਰੀਂ ਕਹਿਰ ਜ਼ੁਲਮ ਵਾਲਾ ਗੋਰੇ ਢੌਣ ਲਗ ਪਏ।
ਗਊ ਮਾਰਨੇ ਵਾਲੀ ਦੇ ਛੂਟ ਦਿਤੀ ਤੁਰਕ ਬੁਚੜਾਂ ਤਾਈਂ ਚਮਕੌਣ ਲਗ ਪਏ।
ਜੂਲਾ ਪਾ ਗੁਲਾਮੀ ਦਾ ਹਿੰਦ ਦੇ ਗਲ ਅਣਖ ਸਿੰਘਾਂ ਦੀ ਘਟੇ ਰਲੌਣ ਲਗ ਪਏ।
ਕੂਕੇ ਬੀਰਾਂ ਨੇ ਕਸਕੇ ਕਮਰ ਕਹਿਆ ਕਰਨਾ ਗ਼ਾਰਕ ਹੁਣ ਬੇੜਾ ਬਰਤਾਨੀਆਂ ਦਾ।
ਛਤਰ ਹਿੰਦ ਦਾ ਹਿੰਦ ਦੇ ਸਿਰ ਸੋਹੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਰਾਇਕੋਟ ਗੁਰਦੁਆਰੇ ਦੀ ਧਰਤ ਅੰਦਰ ਜਦੋਂ ਗਊਆਂ ਤੇ ਛੁਰੀ ਚਲਾਈ ਤੁਰਕਾਂ।
ਜਾਗੀ ਅਣਖ ਮਲਵਈਆਂ ਦੇ ਅੰਗ ਫਰਕੇ "ਖੰਡਾ ਫੜੋ ਤੇ ਕਰੋ ਸਫਾਈ ਤੁਰਕਾਂ।"
ਕਤਲ ਆਣ ਕੀਤੇ ਰਾਇਕੋਟ ਬੁਚੜ ਕਚੇ ਕਿਲੇ 'ਚ ਮਚੀ ਦੁਹਾਈ ਤੁਰਕਾਂ।
ਸ਼ੇਰ ਕਰੇ ਕਾਬੂ ਪਿਥੋ ਪਿੰਡ ਵਾਲੇ ਮੁਕਬਰ ਗੋਰਿਆਂ ਕਰੀ ਚਤਰਾਈ ਤੁਰਕਾਂ।
ਗੁਰਦੁਆਰੇ ਦੀ ਨਹੀਂ ਤੌਹੀਨ ਝੱਲੀ ਬੇੜਾ ਰੋੜ੍ਹਤਾ ਭਰਿਆ ਅਭਿਮਾਨੀਆਂ ਦਾ।
ਹਸ ਹਸ ਝੂਟੇ ਲਏ ਫਾਸੀਆਂ ਦੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

Namdhari Elibrary NamdhariElibrary@gmail.com

ਮੰਗਲ ਸਿੰਘ ਮਸਤਾਨ ਸਿੰਘ ਸਿੰਘ ਗੁਰਮੁਖ ਰਤਨ ਸਿੰਘ ਦੋਨਾਂ ਉਤੇ ਸ਼ੱਕ ਹੋ ਗਏ।
ਦੋ ਬੇਦੋਸ਼ੇ ਵੀ ਨਾਲ ਦਬੱਲ ਅਤੇ ਮੁਕਬਰ ਝੂਠਿਆਂ ਦੇ ਦਿਲ ਪੱਕ ਹੋ ਗਏ।
ਬਾਕੀ ਛਡ ਦਿਤੇ ਵਾਅਦਾ ਮਾਫ ਕਰਕੇ ਦੇਸ਼ ਧਰੋਹੀ ਬਣ ਜਿਹੜੇ ਸੀ ਚੱਕ ਹੋ ਗਏ।
ਬਾਗੀ ਪੰਥ ਕੂਕਾ ਲਿਖਿਆ ਗੋਰਿਆਂ ਨੇ ਏਹ ਜੇਲ੍ਹ ਲੁਦਿਹਾਣੇ ਵਿਚ ਡਕ ਹੋ ਗਏ।

ਮੌਤ ਸੁਣਨ, ਹਸਣ, ਬਾਘੀ ਪਾਣ ਕੂਕੇ ਸਿਖ ਪੰਥ ਭਰਿਆ ਬ੍ਰਹਮ ਗਿਆਨੀਆਂ ਦਾ।
ਬਿਸ਼ਨ ਸਿੰਘ ਅਵਾਜ਼ ਇਹ ਹਿੰਦ ਦੀ ਹੈ ਮੁਲ ਪੈਂਦਾ 'ਏ ਸਦਾ ਕੁਰਬਾਨੀਆਂ ਦਾ।

[ਸ੍ਰੀ ਕੇਹਰ ਸਿੰਘ ਜੀ ਕੇਹਰ ਸੰਤ ਨਗਰ

ਕਿਹਾ ਗਊ ਨੇ ਮੇਰਿਆ ਸ਼ੇਰ ਪੁਤਾ ਤੇਰੇ ਵਿਚ ਹੁਣ ਰਿਹਾ ਪਰਾਨ ਕੋਈ ਨਹੀਂ ?
ਫੜੀ ਹਥ ਕਸਾਈਆਂ ਦੇ ਕੋਹਣ ਲਈ ਮੈਂ ਤੇਰੇ ਸੀਨੇ'ਚ ਰਹੀ ਹੁਣ ਆਨ ਕੋਈ ਨਹੀਂ ?

ਲਾਲ, ਪਾਲਿਆ ਲਾਲ ਦੇ ਕੱਢ ਮੂੰਹੋਂ ਅਜ ਆਂਵਦਾ ਤੈਨੂੰ ਧਿਆਨ ਕੋਈ ਨਹੀਂ ?
ਤੇਰੇ ਸਾਹਮਣੇ ਤੇਰੇ ਹੀ ਧਰਮ ਦੇ ਥਾਂ ਮੇਰੀ ਗਰਦਨੇ ਚਲੀ ਕ੍ਰਿਪਾਨ ਕੋਈ ਨਹੀਂ ?
ਆ ਤੈਨੂੰ ਵਖਾਂ ਰਾਇਕੋਟ ਅੰਦਰ ਹੁੰਦਾ ਹਾਲ ਕੀ ਮੇਰੀਆਂ ਢਾਣੀਆਂ ਦਾ।
ਜ਼ਰਾ ਵੇਖ ਤੇ ਉਠ ਸ਼ਮਸ਼ੀਰ ਲੈਕੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਆਹ ਕਿਸੇ ਮਜ਼ਲੂਮ ਦੀ ਸੁਨ ਤੜਪੇਂ ਸੀਸ ਰੰਬੀਆਂ ਨਾਲ ਉਡਵਾਏ ਸੀ ਤੂੰ।
ਕਿਤੇ ਰੋਂਦਿਆਂ ਤਾਈਂ ਹਸਾ ਦਿਤਾ ਕਿਤੇ ਹਸਦੇ ਰਸਦੇ ਰਵਾਏ ਸੀ ਤੂੰ।
ਲਖਾਂ ਉਠੇ ਤੁਫਾਨਾਂ ਨੂੰ ਠਪਦਾ ਸੈਂ ਉਲਟੇ ਲੇਖਾਂ ਦੇ ਫਸਤੇ ਮੁਕਾਏ ਸੀ।
ਬੇਸੁਰ ਵਤਨ ਦੇ ਸਾਜ਼ਾਂ ਨੂੰ ਸੁਰ ਕਰਕੇ ਨਗਮੇ ਵਤਨ ਅਜ਼ਾਦੀ ਦੇ ਗਾਏ ਸੀ ਤੂੰ।

ਕੀ ਅੱਜ ਮੇਰੇ ਲਈ ਡੌਲੇ 'ਚ' ਜੋਸ਼ ਕੋਈ ਨਹੀਂ ਮੈਨੂੰ ਸੁਖ ਕੀ ਤੇਰੀ ਜਵਾਨੀਆਂ ਦਾ ?
ਆ ਨਿਤਰ ਮਦਾਨ ਦੇ ਵਿਚ ਚੰਨਾ! ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।
ਸੁਣਕੇ ਗਊ ਪੁਕਾਰ ਮਸਤਾਨ ਸਿੰਘ ਨੇ ਗੁਰਮਖ ਸਿੰਘ ਤੂਫਾਨੀ ਲਲਕਾਰ ਦਿਤਾ।
ਅਧੀ ਰਾਤ ਉਠਕੇ ਕੌਮੀ ਹਾਲੀਆਂ ਨੇ ਰਾਇਕੋਟ ਅੰਦਰ ਕੱਢ ਮਾਰ ਦਿਤਾ।
ਉਨੀ ਸੌ ਅਠਾਈ ਨੂੰ ਚੰਨ ਲਾਕੇ ਇਕੋ ਸੌਣ ਦਾ ਮੀਂਹ ਸਵਾਰ ਦਿਤਾ।
ਮੰਗਲ ਸਿੰਘ ਤਲਵਾਰ ਦੀ ਕਹੀ ਲੈਕੇ ਧੰਨੇ ਛਾਂਗਕੇ ਹੜ੍ਹ ਖਲਾਰ ਦਿਤਾ।

ਕਾਤਲ ਬੁਚੜਾਂ ਲਈ ਕੂਕੇ ਕਾਲ ਬਣਗੇ ਬਦਲਾ ਖੂਬ ਲਿਆ ਕਾਰਸਤਾਨੀਆਂ।
ਗਊ ਮਾਤ ਨੇ ਕੂਕਕੇ ਤਦੋਂ ਕਿਹਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।
ਸਿੰਘਾਂ ਸੂਰਿਆਂ ਸੀਸ ਦੀ ਬਲੀ ਦੇਕੇ ਕਢੀ ਹਿੰਦ ਅਧਰਮ-ਤੂਫਾਨ ਵਿਚੋਂ।
ਡੱਕਾ ਜਾਬਰ ਦੇ ਜ਼ੁਲਮ ਨੂੰ ਪਾ ਦਿਤਾ ਜਾਗੀ ਅਨਖ ਜਾਂ ਸਾਦੇ ਇਨਸਾਨ ਵਿਚੋਂ।
ਗਊ ਬੱਧ ਨਾ ਹੋਏ ਗਾ ਫੇਰ ਏਥੇ ਕਢ ਦਿਤੀ ਇਹ ਸ਼ਰਾ ਕੁਰਾਨ ਵਿਚੋਂ।
ਤਾਂ ਹੀ ਅੱਜ ਅਜ਼ਾਦੀ ਸੁਰਜੀਤ ਦਿਸੇ ਜਨਮ ਏਸਦਾ ਹੋਇਆ ਕਿਰਪਾਨ ਵਿਚੋਂ।

ਲੋਕ ਰਾਜ ਲਈ ਇਹ ਸੂਰਜ ਦਮਕਦਾ ਰਹੂ ਰਾਇਕੋਟ ਦੇ ਮਰਦ ਮਦਾਨੀਆਂ ਦਾ।
ਕੌਮ ਵਾਸਤੇ 'ਕਿਹਰ' ਸ਼ਹੀਦ ਹੋਜਾ ਮੁੱਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

[ਸ੍ਰੀ ਗੁਰਭਜਨ ਸਿੰਘ 'ਭਜਨ' ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ

ਅਠਾਰਾਂ ਸੌ ਸਤਵੰਜਾ ਦੇ ਗ਼ਦਰ ਪਿਛੋਂ ਗੋਰ ਸ਼ਾਹੀ ਨੇ ਜ਼ੁਲਮ ਦੀ ਰਾਤ ਕੀਤੀ।
ਪਾੜੋ, ਰਾਜ ਕਰੋ, ਦੀ ਹਥ ਲੈ ਰੰਬੀ ਖਲ ਕੌਮ ਦੀ ਲਾਹਣ ਲਈ ਘਾਤ ਕੀਤੀ।
ਖੁਲ ਧਰਮ ਦੀ ਐਸੀ ਪਰਚਾਰ ਦਿਤੀ ਕਿ ਗਊ ਮਾਰਨੀ ਸਹਿਲ ਜਹੀ ਬਾਤ ਕੀਤੀ।
ਰੁਲਣ ਹਡੀਆਂ ਵਿਚ ਗੁਰਦੁਆਰਿਆਂ ਦੇ ਏਸ ਗਲ ਨੇ ਅਣਖ ਨੂੰ 'ਸ਼ਾਤ' ਕੀਤੀ।

ਨਾਮਧਾਰੀਆਂ ਦੇ ਜਥੇ ਮਿਲ ਕਰਕੇ ਕੀਤਾ ਘਾਤ ਹੈ ਬੁਚੜ ਗੁਮਾਨੀਆਂ ਦਾ।
ਕਟਿੰਦੇ ਗਊ ਦਾ ਦੁਖ ਨਹੀਂ ਜਰ ਹੁੰਦਾ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਮੰਗਲ ਸਿੰਘ ਗੁਰਮੁਖ ਸਿੰਘ ਮਸਤਾਨ ਸਿੰਘ ਨੇ ਵਰਕੇ ਹੋਰ ਇਤਿਹਾਸ ਦੇ ਖੋਲ ਦਿਤੇ।
ਰੱਸੇ ਵਢਕੇ ਤੇ ਗਊਆਂ ਕੱਢਕੇ ਤੇ ਤਕੜੀ ਮੌਤ ਦੀ ਤੇ ਬੁਚੜ ਤੋਲ ਦਿਤੇ।
ਕੁਝ ਪਾਰ ਕੀਤੇ ਕੁਝ ਉਰਾਰ ਕੀਤੇ ਕੂਟੀ ਵਾਹਣ ਚ' ਇਲ ਜਿਉਂ ਰੋਲ ਦਿਤੇ।
ਬੁਚੜ ਖਾਨੇ ਵਿਚ ਹਾਲ ਦੁਹਾਈ ਮਚੀ ਝੋਲ ਅਥਰੂਆਂ ਦੇ ਕਈਆਂ ਡੋਲ੍ਹ ਦਿਤੇ।

ਹੱਲਾ ਗੁਲਾ ਹਨੇਰਿਆਂ ਵਿਚ ਕਰਕੇ ਖਿਆਲ ਸੋਚਿਆ ਫੇਰ ਰਵਾਨੀਆਂ ਦਾ।
ਬਾਹਰ ਨਿਕਲੇ ਗਊ ਨੇ ਕਿਹਾ ਪਿਛੋਂ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਦਿਨਾਂ ਬਾਦ ਜਦ ਸਿੰਘਾਂ ਨੇ ਮੌਤ ਡਿਠੀ, ਕਹਿਣ, ਏਸ ਦੀ ਨਹੀਂ ਪ੍ਰਵਾਹ ਸਾਨੂੰ।
ਧਰਮ ਵਾਸਤੇ, ਦੇਸ਼ ਦੀ ਅਣਖ ਬਦਲੇ ਰਸੇ ਚੁੰਮਣੇ ਦਾ ਲਗਾ ਚਾ ਸਾਨੂੰ।
ਤੁਸੀਂ ਕਾਹੂੰ ਤੇ ਨੀਰੋ ਦੇ ਬਣੇ ਪੋਤੇ ਯਾਦ ਆਉਂਦੇ ਦਸਮ ਪਾਤਸ਼ਾਹ ਸਾਨੂੰ।
ਰਾਜੇ ਅਤੇ ਪੁਜਾਰੀ ਮਸੰਦ ਬਣ ਗਏ ਤੈਣਾ ਪਵੇਗਾ ਮੁੜਕੇ ਕੜਾਹ ਸਾਨੂੰ।

ਪ੍ਰਚੰਡ ਅਗਨੀ ਤੇ ਬਣ ਬੇਰੋਕ ਸ਼ੁਅਲੇ ਖੁਰਾ ਮੇਟਾਂਗੇ ਅਸੀਂ ਬਰਤਾਨੀਆਂ ਦਾ।
ਸਾਨੂੰ ਪਤਾ ਹੈ ਦੇਸ਼ ਅਜ਼ਾਦ ਕਰਨੇ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਕੀ ਹੋਇਆ ਜੇ ਅਣਖ ਦਾ ਰਤਨ ਗੋਰੇ, ਹਿੰਦੁਸਤਾਨੀਆਂ ਅਜ ਗੁਆ ਦਿਤਾ।
ਕੀ ਹੋਇਆ ਜੇ ਅਮਨ–ਸੰਗੀਤ ਗੋਰੇ, ਔਰੰਗ ਜ਼ੇਬ ਦੇ ਵਾਂਗ ਜ਼ਬਾ ਦਿਤਾ।
ਕੀ ਹੋਇਆ ਜੇ ਏਕੇ ਦਾ ਮਹਿਲ ਗੋਰੇ ਤ੍ਰੋੜ ੨ ਕਰ ਖੰਡਰ ਬਨਾ ਦਿਤਾ।
ਕੀ ਹੋਇਆ ਜੇ ਹਿੰਦ ਦਾ ਦੀਪ ਗੋਰੇ ਫੂਫੜ ਆਖਕੇ ਤੂੰ ਬੁਝਾ ਦਿਤਾ।

ਅਸੀਂ ਤੁਰ ਚਲੇ ਸੈਆਂ ਉਗਣੀਗੇ ਚੇਤਾ ਫੇਰ ਕਰਾਉਣਗੇ ਨਾਨੀਆਂ ਦਾ।
ਠੋਸ ਤਰਲ ਤੇ ਗੈਸ ਅਵਾਜ਼ ਦੇਵਣ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਸੌਣ ਸਾਵਿਆਂ ਚ' ਨਾਚ ਨਚਕੇ ਤੇ ਅੰਤ ਪੀਂਘ ਦਾ ਝੂਟਾ ਚੜ੍ਹਾ ਗਏ ਨੇ।
ਨੇਕੀ, ਹੱਕ ਵਾਲੇ ਹਵਨ ਕੁੰਡ ਅੰਦਰ ਥਾਂ ਅਹੂਤੀਆਂ ਦੇ ਜਿੰਦਾਂ ਪਾ ਗਏ ਨੇ।
ਪਾ ਸ਼ਹੀਦੀਆਂ ਧਰਮ ਦੀ ਸ਼ਮਾਂ ਉਤੋਂ ਹੁਸਨ ਕੌਮੀ ਪ੍ਰਵਾਨੇ ਲੁਟਾ ਗਏ ਨੇ।
ਹਿੰਦੁਸਤਾਨ ਤੇ ਛਾਈ ਤਾਰੀਕ ਤਾਂਈਂ ਬਲੀਦਾਨ ਦੇ ਊਸ਼ਾ ਬਨਾ ਗਏ ਨੇ।

ਯਾਦ ਪੰਛੀ ਰਹੂ ਉਡਦਾ ਸਿਰਾਂ ਉਤੇ ਤਿੰਨਾਂ ਸਿੰਘਾਂ ਅਜ਼ਾਦੀ ਦੇ ਬਾਨੀਆਂ ਦਾ।
ਵਾਂਗ ਭਜਨ ਦੇ ਤਿੰਨੇ ਹੀ ਕਾਲ ਅੰਦਰ ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਚੰਡੀਗੜ੍ਹ ਵਿਖੇ ਨਾਮਧਾਰੀ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਧ ਸੰਗਤ ਨੂੰ ਨਾਮ ਸਿਮਰਨ

ਤੇ ਸਾਦਾ ਪਹਿਰਾਵੇ ਲਈ ਜ਼ਰੂਰੀ ਹੁਕਮ ਕੀਤਾ

ਰਾਇਕੋਟ ਦੇ ਸ਼ਹੀਦਾਂ ਦਾ ਮੇਲਾ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਆਪਣੇ ਹਜ਼ੂਰੀ ਰਾਗੀ ਤੇ ਸੰਤਾਂ ਮਹੰਤਾਂ ਸਮੇਤ ਚੰਡੀਗੜ੍ਹ ਦੀ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਤੇ ਅਲਪੱਗ ਜੀਵਾਂ ਨੂੰ ਤਾਰਨ ਲਈ ੬ ਅਗਸਤ ਨੂੰ ੧੧।। ਬਜੇ ਸੰਤ ਮੰਗਲ ਸਿੰਘ ਜੀ ਨਾਮਧਾਰੀ ਦੇ ਘਰ ੨੭ ਸੀ. ਸੈਕਟਰ ਚੰਡੀਗੜ੍ਹ ਪਹੁੰਚ ਗਏ।

ਦੀਵਾਨ ਲਈ ਸ੍ਰ: ਬਿਸ਼ਨ ਸਿੰਘ ਜੀ ਨੇ ਆਪਣੀ ਕੋਠੀ ੧੯ ਸੈਕਟਰ ਵਿਚ ਅਤੇ ਸਾਧ ਸੰਗਤ ਦੇ ਰਹਿਣ ਵਾਸਤੇ ਸ੍ਰੀ ਧਾਮ ਜੀ ਤੇ ਸ੍ਰੀ ਖੰਨਾ ਜੀ ਨੇ ਆਪਣੀਆਂ ਕੋਠੀਆਂ ਦਿਤੀਆਂ ਹੋਈਆਂ ਸਨ। ਲੰਗਰ ਦਾ ਪ੍ਰਬੰਧ ਵੀ ਉਥੇ ਹੀ ਸੀ।

੬ ਅਗਸਤ ਸ਼ਾਮ ਨੂੰ ੬ ਬਜੇ ਤੋਂ ਇਕ ਘੰਟਾ ਸਾਧ ਸੰਗਤ ਨੇ ਨਾਮ ਸਿਮਰਨ ਕੀਤਾ ਤੇ ਉਸ ਤੋਂ ਮਗਰੋਂ ਸੰਤ ਦਰਸ਼ਨ ਸਿੰਘ ਜੀ ਰਾਗੀ ਤੇ ਸੰਤ ਗਿਆਨ ਸਿੰਘ ਜੀ ਨੇ ਅੰਮ੍ਰਿਤ ਮਈ ਕੀਰਤਨ ਕੀਤਾ ਜੋ ਰਾਤ ਦੇ ੧੦।। ਬਜੇ ਤੱਕ ਸਾਧ ਸੰਗਤ ਨੇ ਬੜੇ ਪਰੇਮ ਸਹਿਤ ਸੁਣਿਆ।

੭ ਅਗਸਤ ਨੂੰ ਸਵੇਰੇ ੪ ਬਜੇ ਆਸਾ ਦੀ ਵਾਰ ਵੀ ਸੰਤ ਦਰਸ਼ਨ ਸਿੰਘ ਤੇ ਸੰਤ ਗਿਆਨ ਸਿੰਘ ਜੀ ਦੇ ਜਥੇ ਨੇ ਲਾਈ। ਚੰਡੀਗੜ੍ਹ ਵਿਚ ਸਾਡਾ ਖਿਆਲ ਸੀ ਕਿ ਕੋਈ ਟਾਵਾਂ ਟਾਵਾਂ ਹੀ ਨਾਮਧਾਰੀ ਘਰ ਹੋਵੇਗਾ ਪਰ ਸੰਤ ਮੰਗਲ ਸਿੰਘ ਜੀ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਦੇ ਚੰਡੀਗੜ੍ਹ ਵਿਚ ਘਰੋ ਘਰੀ ਚਰਨ ਪਵਾਨ ਲਈ ਸੰਗਤਾਂ ਵਿਚ ਉਤਸ਼ਾਹ ਤੇ ਉਮਾਹ ਭਰਿਆ ਜੋਸ਼ ਠਾਠਾਂ ਮਾਰਨ ਲਗ ਪਿਆ।

ਬੱਸ ਫੇਰ ਕੀ ਸੀ, ਚੰਡੀਗੜ੍ਹ ਦੀਆਂ ਕੋਠੀਆਂ ਵਿਚ ਸ੍ਰੀ ਸਤਿਗੁਰੂ ਜੀ ਦੇ ਪਵਿਤ੍ਰ ਚਰਨਾਂ ਕਮਲਾਂ ਨੇ ਬਹੁਤ ਸਾਰੀ ਨਾਮਧਾਰੀ ਸੰਗਤ ਨੂੰ ਨਿਹਾਲ ਕੀਤਾ। ਸ੍ਰੀ ਸਤਿਗੁਰੂ ਜੀ ਸਭ ਦੀ ਮਨੋਕਾਮਨਾ ਪੂਰਨ ਕਰਦੇ ਹੋਏ ਚੰਡੀਗੜ੍ਹ ਦੀ ਇਕ ਕਾਲੋਨੀ ਵਿਚ ਜਿਥੇ ਅਜੇ ਟੈਮਪਰੇਰੀ ਹੀ ਰਿਹਾਇਸ਼ ਕੰਮ ਕਰਨ ਵਾਲਿਆਂ ਦੀ ਹੈ, ਚਰਨ ਪਾਏ। ਇਹ ਗਲ ਦਸਣੀ ਰਹਿ ਗਈ ਹੈ ਕਿ ਸਤਿਗੁਰੂ ਜੀ ਨੂੰ ਚਰਨ ਪਾਨ ਵੇਲੇ ਸੰਤ ਗੁਰਬਖਸ਼ ਸਿੰਘ ਜੀ ਨੇ ਆਪਣੀ ਨਵੀਂ ਦੁਕਾਨ ਉਸਾਰਨ ਲਈ ਤੇ ਘਰ ਚਰਨ ਪਾਨ ਲਈ ਅਰਜ਼ ਕੀਤੀ। ਤਾਂ ਸਤਿਗੁਰੂ ਜੀ ਨੇ ਉਸਦੇ ਵਿਆਹ ਮਨ ਮਰਜ਼ੀ ਨਾਲ ਅਤੇ ਘਰ ਹੀ ਕਰਨ ਕਰਕੇ, ਜਾਣ ਤੋਂ ਇਨਕਾਰ ਕੀਤਾ। ਤਾਂ ਸੰਤਾਂ ਨੇ ਆਪ ਵੀ ਭੁਲ ਮੰਨਕੇ ਸਾਧ ਸੰਗਤ ਵਿਚ ਬਖਸ਼ਾਣ ਲਈ ਰਜ਼ਾਮੰਦੀ ਪ੍ਰਗਟ ਕਰ ਦਿਤੀ। ਸੰਤਾਂ ਦੀ ਦੁਕਾਨ ਦੀ ਨੀਂਹ ਰਖਨ ਵਾਸਤੇ ਸ੍ਰੀ ਸਤਿਗੁਰੂ ਜੀ ੪ ਬਜੇ ਸ਼ਾਮ ਆਪਣੇ ਪਵਿਤਰ ਹਥਾਂ ਨਾਲ ਕਹੀ ਦੇ ਚਾਰ ਟੱਪ ਲਾਕੇ ਨੀਂਹ ਰਖਣ ਦੀ ਰਸਮ ਅਦਾ ਕੀਤੀ। ਸੰਤਾਂ ਨੇ ਇਸ ਮੌਕੇ ੧।) ਸਤਿਜੁਗ ਤੇ ੧।) ਲੰਗਰ ਸ੍ਰੀ ਭੈਣੀ ਸਾਹਿਬ ਲਈ ਅਰਦਾਸ ਕੀਤੇ।

ਸ਼ਾਮ ਨੂੰ ੬ ਬਜੇ ਇਕ ਘੰਟੇ ਲਈ ਨਾਮ ਸਿਮਰਨ ਸਾਧ ਸੰਗਤ ਨੇ ਕੀਤਾ ਤੇ ਨਾਲ ਨਾਲ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਸਿਆਮ ਦੌਰੇ ਵਿਖੇ ਕੀਤੀ ਕਥਾ ਰੀਕਾਰਡ ਸਰਵਨ ਹੁੰਦੀ ਰਹੀ। ਇਸ ਤੋਂ ਮਗਰੋਂ ਸੰਤ ਦਰਸ਼ਨ ਸਿੰਘ ਜੀ ਤੇ ਸੰਤ ਗਿਆਨ ਸਿੰਘ ਜੀ ਨੇ ਕੀਰਤਨ ਕੀਤਾ।

੮ ਅਗਸਤ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਸ੍ਰੀ ਸਤਿਗੁਰੂ ਜੀ ਆਪਣੇ

Namdhari Elibrary NamdhariElibrary@gmail.com

ਪਵਿਤਰ ਵੀਚਾਰ ਪ੍ਰਗਟ ਕਰਦਿਆਂ ਹੋਇਆਂ ਨਾਮਧਾਰੀਆਂ ਨੂੰ ਹੁਕਮ ਕੀਤਾ:-ਕਿਉਂਕਿ ਸਮਾ ਦਿਨ ਬਦਿਨ ਸਖਤ ਆ ਰਿਹਾ ਹੈ। ਤੁਸੀਂ ਸਭ ਨਾਮਧਾਰੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤਾ ਕਰੋ ਕਿ ਹੇ ਗਰੀਬ ਨਿਵਾਜ ਸਾਡਾ ਧਰਮ ਬਣਿਆ ਰਹੇ ਤੇ ਫੇਰ ਸਾਧ ਸੰਗਤ ਨੂੰ ਚਿਤਾਵਨੀ ਦਿਤੀ ਕਿ ਨਾਮਧਾਰੀਓ ਪਹਿਰਾਵੇ ਸਾਦਾ ਰਖੋ ਤੁਹਾਡੇ ਆਮ ਦੁਨੀਆਂ ਵਰਗੇ ਪਹਿਰਾਵੇ ਨਾਲ ਪਤਾ ਨਹੀਂ ਲਗਦਾ ਕਿ ਤੁਹਾਡੇ ਵਿਚੋਂ ਕੇਹੜੇ ਕੇਹੜੇ ਨਾਮਧਾਰੀ ਹਨ। ਬਰਦੀ ਹੀ ਇਕ ਨਿਸ਼ਾਨੀਹੈ ਜਿਥੋਂ ਪਤਾ ਲਗ ਸਕਦਾ ਹੈ ਕਿ ਇਹ ਕੌਣ ਹੈ? ਹਰ ਨਾਮਧਾਰੀ ਸਤਿਜੁਗ ਮੰਗਵਾਉ ਤਾਕਿ ਤੁਹਾਨੂੰ ਪਤਾ ਲਗਦਾ ਰਹੇ ਕਿ ਨਾਮਧਾਰੀ ਪੰਥ ਦਾ ਪ੍ਰੋਗ੍ਰਾਮ ਕੀ ਹੈ।

ਉਪਰੰਤ ਦੋ ਪਾਠਾਂਦੇ ਭੋਗ ਪਾਏ ਗਏ।

ਇਸ ਤੋਂ ਮਗਰੋਂਸੰਤ ਗੁਰਬਖਸ਼ ਸਿੰਘ ਨੇ ਅਪਨੀ ਕੀਤੀ ਅਵਗਿਆ ਤੇ ਪਸ਼ਚਾਤਾਪ ਕੀਤਾ ਤੇ ਸਾਧ ਸੰਗਤ ਵਿਚ ਖਲੋਕੇ ਮੁਆਫੀ ਮੰਗੀ। ਸਤਿਗੁਰੂ ਜੀ ਨੇ ਭਜਨ ਬਾਣੀ ਤੇ ਪੰਜ ਦਿਨ ਸ੍ਰੀ ਭੈਣੀ ਸਾਹਿਬ ਸੇਵਾ ਕਰਨ ਤੇ ਪ) ਤਨਖਾਹ ਲਾਕੇ ਬਖਸ਼ਸ਼ ਕੀਤੀ।

ਇਸ ਮੇਲੇ ਤੇ ਸੰਤ ਮੰਗਲ ਸਿੰਘ ਦੀ ਨਾਲ ਮੋਢੇ ਨਾਲ ਮੋਢਾ ਲਾਕੇ ਤਨੋ ਮਨੋ ਹੋਕੇ ਸ੍ਰ: ਅਨੂਪ ਸਿੰਘ ਜੀ ਤੇ ਸ੍ਰ. ਕੇਹਰ ਸਿੰਘ ਜੀ ਮਾਨ ਦੇ ਪਰਵਾਰਾਂ, ਸ੍ਰ. ਤੀਰਥ ਸਿੰਘ ਜੀ ਠੇਕੇਦਾਰ ਗੰਗਾ ਸਿੰਘ ਜੀ ਸ੍ਰ. ਰਾਜਿੰਦਰ ਸਿੰਘ ਬੰਦੂਕਾਂ ਵਾਲੇ ਜਥੇਦਾਰ ਰਖਾ ਸਿੰਘ ਜੀ ਜਥੇਦਾਰ ਹਰਨਾਮ ਸਿੰਘ ਜੀ ਬਿਜਲੀ ਵਾਲੇ ਨੇ ਸੇਵਾ ਕੀਤੀ ਹੈ। ਇਹਨਾਂ ਨਾਲ ਸਾਰੇ ਨਾਮਧਾਰੀ ਕਾਲੋਨੀ ਵਾਲੇ ਕਾਲਕਾ ਖਰੜ ਅਤੇ ਅਤੇ ਰੋਪੜ ਵਾਲਿਆਂ ਅਤੇ ਸਾਹਨੀ ਸਾਹਿਬ ਨੇ ਸੇਵਾ ਵਿਚ ਕਾਫੀ ਹਥ ਵਟਾਇਆ ਹੈ।

ਦਾਸ: ਡਾ: ਧਿਆਨ ਸਿੰਘ ਸਮਾਨਾ

ਪਿੰਡ ਮੌਲੀ ਵਿਖੇ ਨਾਮਧਾਰੀ ਦੀਵਾਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਪਣੇ ਹਜ਼ੂਰੀ ਜਥੇ ਸਮੇਤ ਪਿੰਡ ਮੌਲੀ ੮ ਅਗਸਤ ਤਕਰੀਬਨ ਇਕ ਵਜੇ ਪਹੁੰਚ ਗਏ ਪਿੰਡ ਦੇ ਸਭ ਨਰ ਨਾਰੀ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਵਾਸਤੇ ਬਾਹਰ ਹੀ ਖੜੇ ਸਨ ਤੇ ਸੁਗਾਵਤ ਨੂੰ ਹੋਰ ਸ਼ੁਭਾਇਮਾਨ ਕਰਨ ਵਾਸਤੇ ਆਰੀਆ ਸਕੂਲ ਦੇ ਮਾਸਟਰ ਆਪਣੇ ਵਿਦਆਰਥੀਆਂ ਸਮੇਤ ਬੈਂਡ ਬਾਜਾ ਦੇ ਸ੍ਰੀ ਸਤਿਗੁਰੂ ਜੀ ਨੂੰ ਦੀਵਾਨ ਅਸਥਾਨ ਵਿਚ ਖੁਸ਼ੀ ਦੇ ਸ਼ਾਦੀਆਨੇ ਵਜਾਉਦਿਆਂ ਲੈ ਗਏ। ਸ਼ਾਮਨੂੰ ੬ ਬਜੇ ਸ੍ਰੀ ਸਤਿਗੁਰੂ ਸਚੇ ਪਾਤਿਸ਼ਾਹ ਦੀ ਹਜ਼ੂਰੀ ਵਿਚ ਸਾਧ ਸੰਗਤ ਨੇ ਨਾਮ ਸਿਮਰਨ ਕੀਤਾ ਉਸ ਤੋਂ ਮਗਰੋਂ ਸੰਤ ਦਰਸ਼ਨ ਸਿੰਘ ਜੀ ਤੇ ਸੰਤ ਗਿਆਨ ਸਿੰਘ ਜੀ ਦੇ ਜਥੇ ਨੇ ਕੀਰਤਨ ਕੀਤਾ। ਸੰਤ ਗਿਆਨ ਸਿੰਘ ਜੀ ਨੇ ਦੇਹਧਾਰੀ ਸਤਿਗੁਰੂ ਦੀ ਲੋੜ ਬਾਰੇ ਗੁਰਬਾਣੀ ਰਾਹੀਂਸੋਹਣੇ ਢੰਗ ਨਾਲ ਅਪਣੇ ਵੀਚਾਰ ਪ੍ਰਗਟ ਕੀਤੇ। ਦੀਵਾਨ ਦੀ ਹਾਜ਼ਰੀ ਤੋਂ ਇੰਜ ਭਾਸ ਦਾ ਸੀ ਕਿ ਪਿੰਡ ਦੇ ਘਰਾਂ ਵਿਚ ਕੋਈ ਬਚਾ ਵੀ ਨਹੀਂ ਰਿਹਾ ਹੋਣਾਂ ਜੋ ਦੀਵਾਨ ਤੇ ਨਾ ਆਇਆ ਹੋਵੇ।

੮ ਅਗਸਤ ਨੂੰ ਆਸਾ ਦੀ ਵਾਰ ਉਪ੍ਰੰਤ ਹਵਨ ਯਗ ਕੀਤਾ ਗਿਆ। ਉਪ੍ਰੰਤ ਸਤਿਗੁਰੂ ਜੀ ਮੁਠੱਡਿਆਂ ਨੂੰ ਤਾਰਨ ਲਈ ਕ੍ਰਮਰ ਕਸੇ ਕੀਤੇ।

ਡਾ: ਧਿਆਨ ਸਿੰਘ

ਸ੍ਰੀ ਸਤਿਗੁਰੂ ਰਾਮ ਹਰੀ ਪਰੇਸ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਇਆ। ਐਡੀਟਰ ਗੁਰਦਿਆਲ ਸਿੰਘ

Namdhari Elibrary NamdhariElibrary@gmail.com

ਕੀ ਅਜੇ ਤੁਸਾਂ ਤਿਆਰੀ ਨਹੀਂ ਕੀਤੀ ?

ਦੇਸ਼ ਭਗਤੀ ਅਤੇ ਉੱਚੇ ਵਿਸ਼ਵਾਸਾਂ ਦੀ ਧਰਤੀ ਤੁਹਾਨੂੰ ਉਡੀਕ ਰਹੀ ਹੈ

ਸਵਾ ਲਖ ਪਾਠਾਂ ਦੇ ਭੋਗ ਵਿੱਚ ਸ਼ਾਮਲ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ !

ਸਾਧ ਸੰਗਤ ਜੀ,

ਮਹਾਨ ਸ਼ਾਨਾਂ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਪ ਸਭ ਨੂੰ ਸੱਦਾ ਹੈ ਕਿ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਤੇ ਕੁਝ ਦਿਨ ਰਹਿਕੇ ਕਲੇਸ਼ਾਂ ਭਰੇ ਸੰਸਾਰ ਚੋਂ ਨਿਵਰਤੀ ਹਾਸਲ ਕਰੋ ! ਪੜ੍ਹੇ ਲਿਖੇ ਤੇ ਗੁਰਬਾਣੀ ਦਾ ਪਾਠ ਕਰ ਸਕਣ ਵਾਲੇ ਭਾਦਰੋਂ ਤੋਂ ਹੀ ਪਰਯੋਗ ਵਾਸਤੇ ਉਡੀਕੇ ਜਾ ਰਹੇ ਹਨ, ਜੇ ਤੁਸਾਂ ਅਜੇ ਤਕ ਮਨ ਨਹੀਂ ਬਣਾਇਆ ਤਾਂ ਅਵੱਸ਼ ਫੈਸਲਾ ਕਰੋ ਤੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਲਈ ਤੁਰ ਪਉ ।

ਭਾਗਾਂ ਨਾਲ ਹੀ ਮੁੜ ਏਹ ਦਿਨ ਨਸੀਬ ਹੋ ਸਕਣੇ ਹਨ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯਾਦ–ਸਮਾਗਮ ਸਵਾ ਲਖ ਪਾਠਾਂ ਦੇ ਭੋਗਾਂ ਨਾਲ ਮਨਾਇਆ ਜਾਵੇਗਾ, ਤੇ ਕੀ ਤੁਸੀਂ ਇਸ ਤੋਂ ਵਿਰਵਿਆਂ ਰਹੋਗੇ ?

ਪਹਿਲੀ ਭਾਦਰੋਂ ਤੋਂ ਜਾਰੀ ਹੋਏ ਏਸ ਸਮਾਗਮ ਨੇ ਛਬੀ ਭਾਦਰੋਂ ਤੱਕ ਲਗਾਤਾਰ ਚੱਲਣਾ ਹੈ ਅਤੇ ਇਹਨਾਂ ਦਿਨਾਂ ਵਿੱਚ ਤੁਸਾਂ ਵਧ ਤੋਂ ਵਧ ਭਾਗ ਪਾਣਾ ਹੈ ।

ਸਤਿਗੁਰੂ ਜੀ ਦੇ ਦਰਸ਼ਨਾਂ ਦੇ ਪ੍ਰੇਮੀਓ, ਸਲਾਹਾਂ ਵਿਚ ਵਕਤ ਨਾ ਗਵਾਓ । ਸੇਵਾ, ਕਥਾ, ਕੀਰਤਨ, ਭਜਨ ਸਿਮਰਨ ਤੇ ਗੁਰਬਾਣੀ ਪਾਠਾਂ ਦੇ ਅਥਾਹ ਸਰੋਵਰ ਤੇ ਉਤਰ ਕੇ ਹੀਰੇ ਮੋਤੀ ਚੁਣਕੇ ਜਨਮ ਸਫਲਾ ਬਣਾਓ ।

ਕਵੀ ਜਨਾਂ ਲਈ ਜ਼ਰੂਰੀ

ਯਾਦ–ਸਮਾਗਮ ਦੇ ਦਿਨੀਂ, ਅੰਤਮ ਤ੍ਰੈ ਦਿਨਾਂ ਵਿਚੋਂ, ਕਿਸੇ ਦਿਨ ਵੀ ਇਕ ਸ਼ਾਨ-ਦਾਰ ਇਨਾਮੀ ਕਵੀ ਦਰਬਾਰ ਹੋਵੇਗਾ । ਇਸ ਵਿੱਚ ਹੇਠ ਲਿਖੀਆਂ ਸਮਸਿਆਵਾਂ ਤੇ ਰਚੀਆਂ ਕਵਿਤਾਵਾਂ ਨੂੰ ਇਕ, ਦੋ ਤੇ ਤਿੰਨ ਨੰਬਰਾਂ ਦੇ ਇਨਾਮ ਮਿਲਣਗੇ । ਇਨਾਮ ਦੋਹਾਂ ਸਮਸਿਆਵਾਂ ਤੇ ਵਖ ਵਖ ਹੋਣਗੇ । ਸਮੂਹ ਕਵੀ ਸਾਹਿਬਾਨ ਨੂੰ ਪ੍ਰਾਰਥਨਾ ਹੈ ਕਿ ਉਹ ਅਪਣੀਆਂ ਭਾਵ ਪੂਰਤ ਪਰ ਸੁੰਦਰ ਰਚਨਾਵਾਂ ਨੂੰ ੨੨ ਭਾਦਰੋਂ ਤਕ ਡਾਕ ਦੀ ਰਾਹੀਂ ਜਾਂ ਦਸਤੀ, ਸਕੱਤ੍ਰ ਇਨਾਮੀ ਕਵੀ ਦਰਬਾਰ, ਸ੍ਰੀ ਭੈਣੀ ਸਾਹਿਬ ਜਿਲਾ ਲੁਦਿਹਾਣਾ ਦੇ ਨਾਮ ਭੇਜ ਦੇਣ ।

ਕੇਵਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਬੰਧ ਵਿੱਚ:

ਸਮਸਿਆ: ਯਾਦ ਰਹੇਗਾ ਸਦਾ ਪਿਆਰ ਤੇਰਾ।

ਕੇਵਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਬੰਧ ਵਿੱਚ:

ਸਮਸਿਆ : ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

G. S. VIRDEE

Namdhari Elibrary NamdhariElibrary@gmail.com